Sefton Council

Trading Standards

# ਭਾਈਚਾਰਕ ਕਾਨੂੰਨੀ ਸੇਵਾ ਬਾਰੇ ਕੈਸਿਟ ਦੇ ਰੂਪ ਵਿੱਚ ਸਲਾਹ-ਮਸ਼ਵਰੇ ਦਾ ਪੈਕ



Community Legal Service

ਪੰਜਾਬੀ

DVD attached

## ਭੂਮਿਕਾ

**ਭਾਈਚਾਰਿਕ ਕਾਨੂੰਨੀ ਸੇਵਾਵਾਂ ਵਲੋਂ ਜੀ ਆਇਆਂ ਨੂੰ, ਸੈਫ਼ਟਨ ਕੌਂਸਲ ਦੀਆਂ ਵਪਾਰਿਕ ਪੱਧਰਾਂ ਸੰਬੰਧੀ ਸੇਵਾਵਾਂ, ਬੀ.ਬੀ.ਸੀ. ਰੇਡੀਓ ਮਰਸੀਸਾਈਡ ਅਤੇ ਕਾਨੂੰਨੀ ਸੇਵਾਵਾਂ ਸੰਬੰਧੀ ਕਮਿਸ਼ਨ ਦੁਆਰਾ ਤਿਆਰ ਕੀਤਾ ਗਿਆ ਸਲਾਹ-ਮਸ਼ਵਰਾ ਦੇਣ ਲਈ ਜਾਣਕਾਰੀ ਦਾ ਪੈਕ ਅਤੇ ਸੀ.ਡੀ.।**

ਭਾਈਚਾਰਿਕ ਕਾਨੂੰਨੀ ਸੇਵਾ, ਵੱਖ ਵੱਖ ਪ੍ਰਕਾਰ ਦੇ ਕਾਨੂੰਨਾਂ ਬਾਰੇ 31 ਪਰਚੇ ਪ੍ਰਦਾਨ ਕਰਦੀ ਹੈ, ਇਹ ਪਰਚੇ ਕਾਨੂੰਨੀ ਸੇਵਾਵਾਂ ਨਾਲ ਸੰਬੰਧਿਤ ਕਮਿਸ਼ਨ ਦੇ ਦਫ਼ਤਰ ਨੂੰ ਟੈਲੀਫ਼ੋਨ ਕਰਕੇ ਜਾਂ ਇਸ ਵੈੱਬਸਾਈਟ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ : www.clsdirect.org.uk

ਤੁਹਾਡੀਆਂ ਕਾਨੂੰਨੀ ਸਮੱਸਿਆਵਾਂ ਹੱਲ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ, ਕਮਿਊਨਿਟੀ ਲੀਗਲ ਸਰਵਿਸ ਡਾਇਰੈਕਟ ਇਕ ਮੁਫ਼ਤ ਪ੍ਰਦਾਨ ਕੀਤੀ ਜਾਣ ਵਾਲੀ ਸੇਵਾ ਹੈ। ਭਲਾਈ ਭੱਤਿਆਂ ਬਾਰੇ, ਕਰਜ਼ੇ ਜਾਂ ਵਿੱਦਿਆ ਜਾਂ ਦੂਸਰੀਆਂ ਸਮੱਸਿਆਵਾਂ ਨਾਲ ਸੰਬੰਧਿਤ ਸਥਾਨਕ ਸੇਵਾਵਾਂ ਬਾਰੇ ਪਤਾ ਕਰਨ ਲਈ, ਯੋਗਤਾਪ੍ਰਾਪਤ ਕਾਨੂੰਨੀ ਸਲਾਹਕਾਰ ਨਾਲ ਗੱਲ-ਬਾਤ ਕਰਨ ਲਈ ਤੁਸੀਂ 0145 345 4345 ਤੇ ਟੈਲੀਫ਼ੋਨ ਕਰ ਸਕਦੇ ਹੋ।

ਜਿਹੜੀਆਂ ਮੁੱਖ ਸਮੱਸਿਆਵਾਂ ਦਾ ਸਾਮ੍ਹਣਾ ਸ਼ਾਇਦ ਤੁਸੀਂ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਕਰ ਰਹੇ ਹੋ, ਉਹਨਾਂ 'ਚੋਂ ਕੁਝ ਇਕ ਸਮੱਸਿਆਵਾਂ ਬਾਰੇ ਸੰਖੇਪ ਰੂਪ ਵਿੱਚ ਜਾਣਕਾਰੀ ਇਹ ਕੰਪੈਕਟ ਡਿਸਕ (ਸੀ.ਡੀ.) ਤੁਹਾਨੂੰ ਪ੍ਰਦਾਨ ਕਰੇਗੀ।

## ਇਸ ਸੀ.ਡੀ. ਵਿੱਚ ਹੇਠ ਲਿਖੇ ਵਿਸ਼ਿਆਂ ਬਾਰੇ ਸਲਾਹ-ਮਸ਼ਵਰਾ ਸ਼ਾਮਲ ਹੈ:

ਚੀਜ਼ਾਂ ਅਤੇ ਸੇਵਾਵਾਂ ਸੰਬੰਧੀ ਸਮੱਸਿਆਵਾਂ

ਕਰਜ਼ੇ ਦੀ ਸਮੱਸਿਆ ਨਾਲ ਨਿਪਟਣਾ

ਕੰਮ ਤੇ ਤੁਹਾਡੇ ਅਧਿਕਾਰ

ਜੇ ਤੁਹਾਡਾ ਵਿਆਹ ਟੁੱਟ ਜਾਂਦਾ ਹੈ ਤਾਂ ਤੁਹਾਡੇ ਅਧਿਕਾਰ

ਇਕੱਠੇ ਰਹਿਣਾ – ਜੇ ਤੁਸੀਂ ਅਲੱਗ ਅਲੱਗ ਹੋ ਤਾਂ ਤੁਹਾਡੇ ਅਧਿਕਾਰ

ਜਾਇਦਾਦ ਖ਼ਰੀਦਣੀ ਅਤੇ ਵੇਚਣੀ

ਕਿਰਾਏ ਤੇ ਲੈਣਾ ਅਤੇ ਕਿਰਾਏ ਤੇ ਦੇਣਾ

ਆਪਣਾ ਘਰ ਖੋਹ ਦੇਣਾ

ਪਨਾਹ ਲੈਣੀ

ਆਵਾਸ ਅਤੇ ਕੌਮੀਅਤ

ਅਪਾਹਜ ਲੋਕਾਂ ਦੇ ਅਧਿਕਾਰ

ਨਸਲ ਦੇ ਆਧਾਰ ਤੇ ਵਿਤਕਰਾ

ਪੁਲੀਸ ਨਾਲ ਨਿਪਟਣਾ

ਗੁਆਂਢ ਅਤੇ ਭਾਈਚਾਰੇ ਦੇ ਝਗੜੇ

ਸਲਾਹ-ਮਸ਼ਵਰੇ ਦਾ ਇਹ ਪੈਕ, ਵਿਸ਼ੇਸ਼ ਕਾਨੂੰਨੀ ਮਸਲਿਆਂ ਬਾਰੇ ਅਗਵਾਈ, ਸਲਾਹ ਦੇ ਤੌਰ ਤੇ ਤਿਆਰ ਕੀਤਾ ਗਿਆ ਹੈ, ਜਿਹੜੇ "ਹੋਰ ਸਹਾਇਤਾ" ਅਧੀਨ ਸੂਚੀਬੱਧ ਕੀਤੀਆਂ ਹੋਈਆਂ ਏਜੰਸੀਆਂ 'ਚੋਂ ਕਿਸੇ ਇਕ ਏਜੰਸੀ ਦੇ ਪਤੇ ਤੇ ਭੇਜਣੇ ਚਾਹੀਦੇ ਹਨ।

## ਚੀਜ਼ਾਂ ਅਤੇ ਸੇਵਾਵਾਂ ਸੰਬੰਧੀ ਸਮੱਸਿਆਵਾਂ

ਜੇ ਤੁਹਾਡੀ ਖ਼ਰੀਦੀ ਹੋਈ ਜਾਂ ਜਿਸ ਚੀਜ਼ ਦੇ ਤੁਸੀਂ ਪੈਸੇ ਦਿੱਤੇ ਹੋਏ ਹਨ, ਉਹ ਚੀਜ਼ ਖ਼ਰਾਬ ਨਿਕਲਦੀ ਹੈ ਤਾਂ ਇੱਥੇ ਅਜਿਹੇ ਕਾਨੂੰਨ ਹਨ, ਜਿਹੜੇ ਤੁਹਾਡੀ ਮਦਦ ਕਰ ਸਕਦੇ ਹਨ।

**ਜੇ ਉਹ ਚੀਜ਼ ਖ਼ਰਾਬ ਹੈ, ਜਿਹੜੀ ਮੈਂ ਦੁਕਾਨ ਤੋਂ ਖ਼ਰੀਦੀ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**
ਤੁਹਾਨੂੰ ਦੁਕਾਨਦਾਰ ਨੂੰ ਛੇਤੀ ਤੋਂ ਛੇਤੀ ਦੱਸਣਾ ਚਾਹੀਦਾ ਹੈ, ਹੋ ਸਕਦਾ ਹੈ ਕਿ ਉਹ ਤੁਹਾਡੇ ਪੈਸੇ ਵਾਪਸ ਕਰ ਦੇਵੇ, ਉਹ ਮੁਫ਼ਤ ਵਿੱਚ ਠੀਕ ਕਰ ਦੇਵੇ ਜਾਂ ਉਸ ਨੂੰ ਬਦਲ ਦੇਵੇ।

**ਉਸ ਦੁਕਾਨਦਾਰ ਨੂੰ ਕਿਵੇਂ ਪਤਾ ਹੋਵੇਗਾ ਕਿ ਕੀ ਕਰਨਾ ਹੈ?**
ਜੇ ਕੋਈ ਦੁਕਾਨਦਾਰ ਅਜਿਹੀਆਂ ਚੀਜ਼ਾਂ ਵੇਚਦਾ ਹੈ, ਜਿਹੜੀਆਂ ਤਸੱਲੀਬਖ਼ਸ਼ ਨਹੀਂ ਹਨ ਤਾਂ ਕਾਨੂੰਨ ਵਿੱਚ ਲਿਖਿਆ ਹੋਇਆ ਹੈ ਕਿ ਉਸ ਦੁਕਾਨਦਾਰ ਨੂੰ ਕੀ ਕਰਨਾ ਚਾਹੀਦਾ ਹੈ।

**ਜੇ ਉਹ ਦੁਕਾਨਦਾਰ ਮੇਰੀ ਮਦਦ ਨਹੀਂ ਕਰਦਾ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**
ਜੇ ਦੁਕਾਨਦਾਰ ਉਸ ਚੀਜ਼ ਨੂੰ ਠੀਕ ਕਰਕੇ ਨਹੀਂ ਦਿੰਦਾ ਜਾਂ ਤੁਹਾਨੂੰ ਪ੍ਰਦਾਨ ਕੀਤੀ ਗਈ ਸੇਵਾ ਬਾਰੇ ਕੋਈ ਸਮੱਸਿਆ ਹੈ, ਜਿਵੇਂ ਕਿ ਘਰ ਵਿੱਚ ਸੁਧਾਰ ਦੇ ਕਿਸੇ ਕੰਮ ਬਾਰੇ ਕੋਈ ਸਮੱਸਿਆ ਹੈ ਤਾਂ ਤੁਸੀਂ ਕਸੱਟਮਰ ਡਾਇਰੈਕਟ ਜਾਂ ਇਸ ਸੀ.ਡੀ. ਦੇ ਨਾਲ ਦਿੱਤੇ ਗਏ ਵਧੇਰੇ ਸਹਾਇਤਾ ਬਾਰੇ ਪਰਚੇ ਵਿੱਚ ਲਿਖੀਆਂ ਹੋਈਆਂ ਸੰਸਥਾਵਾਂ ਤੋਂ ਸਲਾਹ ਅਤੇ ਸਹਾਇਤਾ ਲੈ ਸਕਦੇ ਹੋ।

## ਕਰਜ਼ੇ ਦੀ ਸਮੱਸਿਆ ਨਾਲ ਨਿਪਟਣਾ

ਜੇ ਤੁਸੀਂ ਕਿਸੇ "ਲੈਣਦਾਰ" ਦੇ ਪੈਸੇ ਨਹੀਂ ਦੇ ਸਕਦੇ ਤਾਂ ਆਪਣੇ ਪੈਸੇ ਲੈਣ ਲਈ ਉਹਨਾਂ ਕੋਲ ਕਾਨੂੰਨੀ ਅਧਿਕਾਰ ਹੁੰਦਾ ਹੈ। ਕੁਝ ਕਿਸਮ ਦੇ ਕਰਜ਼ੇ ਵਾਪਸ ਦੇਣੇ ਦੂਸਰੀ ਕਿਸਮ ਦੇ ਕਰਜ਼ਿਆਂ ਨਾਲੋਂ ਵਧੇਰੇ ਔਖੇ ਹੁੰਦੇ ਹਨ ਅਤੇ ਉਹਨਾਂ ਨੂੰ ਪਹਿਲਾਂ ਵਾਪਸ ਮੋੜਨਾ ਜ਼ਰੂਰੀ ਹੁੰਦਾ ਹੈ।

**ਸੋ ਮੈਨੂੰ ਕਿਹੜਾ ਕਰਜ਼ਾ ਪਹਿਲਾਂ ਮੋੜਨਾ ਚਾਹੀਦਾ ਹੈ?**
**ਕਿਰਾਏ ਅਤੇ ਮੌਰਗੇਜ਼ਾਂ**, ਜੇ ਤੁਸੀਂ ਆਪਣੇ ਕਿਰਾਏ ਜਾਂ ਮੌਰਗੇਜ਼ ਦੇ ਪੈਸੇ ਨਹੀਂ ਦੇ ਸਕੇ ਤਾਂ ਮਕਾਨ-ਮਾਲਕਾਂ ਜਾਂ ਮੌਰਗੇਜ਼ ਦੇਣ ਵਾਲਿਆਂ ਕੋਲ ਸ਼ਾਇਦ ਤੁਹਾਨੂੰ ਬੇਦਖ਼ਲ ਕਰਨ ਦਾ ਅਧਿਕਾਰ ਹੋਵੇ। ਤੁਹਾਨੂੰ ਘਰ 'ਚੋਂ ਬੇਦਖ਼ਲ ਕਰਨ ਲਈ, ਉਹਨਾਂ ਨੂੰ ਕਚਹਿਰੀ ਵਿੱਚ ਜਾਣਾ ਪਵੇਗਾ ਅਤੇ ਅਜਿਹਾ ਕਰਨ ਨੂੰ ਕੁਝ ਸਮਾਂ ਲੱਗ ਸਕਦਾ ਹੈ, ਇਸ ਲਈ ਤੁਹਾਨੂੰ ਛੇਤੀ ਤੋਂ ਛੇਤੀ ਬਾਕਾਇਦਾ ਪੈਸੇ ਦੇਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ ਅਤੇ ਜਿੰਨੇ ਪੈਸੇ ਤੁਸੀਂ ਦੇਣੇ ਹਨ, ਉਹ ਦੇਣ ਬਾਰੇ ਇਕ ਸਮਝੌਤਾ ਕਰ ਲੈਣਾ ਚਾਹੀਦਾ ਹੈ।

**ਜੇ ਮੈਂ ਆਪਣਾ ਫ਼ਲੈਟ ਪ੍ਰਾਈਵੇਟ ਮਕਾਨ-ਮਾਲਕ ਤੋਂ ਕਿਰਾਏ ਤੇ ਲੈਂਦਾ ਹਾਂ ਤਾਂ ਕੀ ਮੇਰੇ ਨਾਲ ਵੱਖਰੇ ਤਰੀਕੇ ਨਾਲ ਸਲੂਕ ਕੀਤਾ ਜਾਵੇਗਾ?**
ਜੇ ਤੁਸੀਂ ਕਿਸੇ ਪ੍ਰਾਈਵੇਟ ਮਕਾਨ-ਮਾਲਕ ਤੋਂ ਆਪਣਾ ਮਕਾਨ ਕਿਰਾਏ ਤੇ ਲੈਂਦੇ ਹੋ ਤਾਂ ਤੁਹਾਨੂੰ ਵਿਸ਼ੇਸ਼ੱਗ ਸਹਾਇਤਾ ਲੈਣੀ ਚਾਹੀਦੀ ਹੈ।

**ਕੌਂਸਲ ਟੈਕਸ ਬਿੱਲ ਸੰਬੰਧੀ ਸਮੱਸਿਆਵਾਂ ਦਾ ਕੀ ਹੁੰਦਾ ਹੈ?**
ਜੇ ਤੁਸੀਂ ਆਪਣਾ ਕੌਂਸਲ ਟੈਕਸ ਨਹੀਂ ਦਿੱਤਾ ਹੋਇਆ ਤਾਂ ਕੌਂਸਲ ਟੈਕਸ ਦੇਣ ਲਈ ਤੁਹਾਨੂੰ ਮਜ਼ਬੂਰ ਕਰਨ ਲਈ, ਕੌਂਸਲ ਪਹਿਲਾ ਕਦਮ ਇਹ ਉਠਾਵੇਗੀ ਕਿ ਉਹ ਮੈਜਿਸਟ੍ਰੇਟ ਕੋਰਟ ਤੋਂ "ਜ਼ਿੰਮੇਦਾਰੀ ਆਰਡਰ" ਲੈਣ ਲਈ ਅਰਜ਼ੀ ਦੇਣ ਦੀ ਤੁਹਾਨੂੰ ਧਮਕੀ ਦੇਵੇਗੀ। ਜੇ ਕਚਹਿਰੀ ਜ਼ਿੰਮੇਦਾਰੀ ਆਰਡਰ ਦੇ ਦਿੰਦੀ ਹੈ ਤਾਂ ਕੌਂਸਲ ਹੇਠ ਲਿਖੀਆਂ ਚੀਜ਼ਾਂ ਕਰ ਸਕਦੀ ਹੈ :

- ਤੁਹਾਡੇ ਕੋਲੋਂ ਪੈਸੇ ਲੈਣ ਲਈ (ਤੁਹਾਡੇ ਕੋਲੋਂ ਤੁਹਾਡੀਆਂ ਕੀਮਤੀ ਚੀਜ਼ਾਂ ਲੈ ਕੇ) ਕੁਰਕੀ ਕਰਨ ਵਾਲੇ (ਬੇਲਿੱਫ਼) ਦੀ ਵਰਤੋਂ ਕਰ ਸਕਦੀ ਹੈ ਜਾਂ
- ਤੁਹਾਡੀ ਤਨਖ਼ਾਹ 'ਚੋਂ ਜਾਂ ਤੁਹਾਡੇ ਭੱਤੇ 'ਚੋਂ ਪੈਸੇ ਲੈ ਸਕਦੀ ਹੈ।

**ਅਗਾਂਹ ਨੂੰ ਮੈਨੂੰ ਕਿਹੜਾ ਕਰਜ਼ਾ ਮੋੜਨਾ ਚਾਹੀਦਾ ਹੈ?**
ਗੈਸ, ਬਿਜਲੀ, ਟੈਲੀਫ਼ੋਨ ਦੇ ਬਿੱਲ ਦੇ ਪੈਸੇ ਅਤੇ ਪਾਣੀ ਦੇ ਬਿੱਲ ਦੇ ਪੈਸੇ ਆਦਿ। ਇਸ ਬਾਰੇ ਸਲਾਹ-ਮਸ਼ਵਰਾ ਤੁਸੀਂ ਵਧੇਰੇ ਸਹਾਇਤਾ ਸੰਬੰਧੀ ਪਰਚੇ ਵਿੱਚ ਦਰਜ ਨਾਵਾਂ ਵਾਲੀਆਂ ਏਜੰਸੀਆਂ 'ਚੋਂ ਕਿਸੇ ਵੀ ਏਜੰਸੀ ਤੋਂ ਲੈ ਸਕਦੇ ਹੋ ਜਾਂ ਬਿੱਲੇ ਦੇ ਪੈਸੇ ਦੇਣ ਦਾ ਪ੍ਰਬੰਧ ਕਰਨ ਲਈ ਕੰਪਨੀ ਨਾਲ ਸੰਪਰਕ ਕਰ ਸਕਦੇ ਹੋ।

**ਮੈਨੂੰ ਆਪਣੇ ਦੂਸਰੇ ਕਰਜ਼ੇ ਕਿਵੇਂ ਮੋੜਨੇ ਚਾਹੀਦੇ ਹਨ?**
ਇਕ ਵਾਰ ਜਦੋਂ ਤੁਸੀਂ ਉਪਰ ਲਿਖੇ ਹੋਏ ਜ਼ਰੂਰੀ ਬਿੱਲਾਂ ਦੇ ਪੈਸੇ ਦੇਣ ਦਾ ਪ੍ਰਬੰਧ ਕਰ ਲਿਆ, ਉਸ ਤੋਂ ਬਾਅਦ ਤੁਹਾਨੂੰ ਹਿਸਾਬ-ਕਿਤਾਬ ਕਰਕੇ ਇਹ ਦੇਖਣਾ ਚਾਹੀਦਾ ਹੈ ਕਿ ਕੀ ਤੁਹਾਡੇ ਕੋਲ ਕੋਈ ਪੈਸੇ ਬੱਚਦੇ ਹਨ ਜੇ ਬੱਚਦੇ ਹਨ ਤਾਂ ਕਿਸੇ ਹੋਰ ਕਰਜ਼ੇ ਦੇ ਅਤੇ ਕ੍ਰੈਡਿਟ ਕਾਰਡ ਦੇ ਪੈਸੇ ਦੇਣ ਦਾ ਪ੍ਰਬੰਧ ਕਰਨ ਲਈ, ਇਹਨਾਂ ਪੈਸਿਆਂ ਦੀ ਵੰਡ ਕਰਨੀ ਚਾਹੀਦੀ ਹੈ। ਅਜਿਹਾ ਕਰਨ ਲਈ ਤੁਸੀਂ ਪੈਸਿਆਂ ਬਾਰੇ ਸਲਾਹ ਦੇਣ ਵਾਲੇ ਸਲਾਹਕਾਰ ਤੋਂ ਸਹਾਇਤਾ ਲੈ ਸਕਦੇ ਹੋ ਜਾਂ ਕਮਿਊਨਿਟੀ ਲੀਗਲ ਸਰਵਿਸ ਡਾਇਰੈਕਟ ਵਾਲੇ ਤੁਹਾਡਾ ਸੰਪਰਕ ਤੁਹਾਡੇ ਇਲਾਕੇ ਵਿੱਚ ਰਹਿਣ ਵਾਲੇ ਕਿਸੇ ਸਲਾਹਕਾਰ ਨਾਲ ਕਰਵਾ ਸਕਦੇ ਹਨ ਜਾਂ ਤੁਸੀਂ ਵਧੇਰੇ ਸਹਾਇਤਾ ਸੰਬੰਧੀ ਪਰਚੇ ਵਿੱਚ ਦਰਜ ਨਾਵਾਂ ਵਾਲੀਆਂ ਏਜੰਸੀਆਂ 'ਚੋਂ ਕਿਸੇ ਵੀ ਏਜੰਸੀ ਨਾਲ ਸੰਪਰਕ ਕਰ ਸਕਦੇ ਹੋ।

## ਕੰਮ ਤੇ ਤੁਹਾਡੇ ਅਧਿਕਾਰ

ਹਰੇਕ ਕਰਮਚਾਰੀ ਨੂੰ ਇਕ ਲਿਖਤੀ ਬਿਆਨ ਪ੍ਰਾਪਤ ਕਰਨ ਦਾ ਅਧਿਕਾਰ ਹੈ, ਜਿਸ ਵਿੱਚ ਤੁਹਾਡੀ ਨੌਕਰੀ ਦੀਆਂ ਸ਼ਰਤਾਂ ਦਾ ਵਰਨਣ ਕੀਤਾ ਹੋਇਆ ਹੁੰਦਾ ਹੈ। ਇਹ ਬਿਆਨ ਤੁਹਾਨੂੰ ਕੰਮ ਸ਼ੁਰੂ ਕਰਨ ਤੋਂ ਲੈ ਕੇ ਦੋ ਮਹੀਨਿਆਂ ਦੇ ਵਿੱਚ ਵਿੱਚ ਮਿਲ ਜਾਣਾ ਚਾਹੀਦਾ ਹੈ।

**ਕੀ ਮੈਨੂੰ ਯੂ.ਕੇ. ਵਿੱਚ ਕੰਮ ਕਰਨ ਦਾ ਅਧਿਕਾਰ ਹੈ?**
ਵੱਖ ਵੱਖ ਪ੍ਰਕਾਰ ਦੇ ਦਸਤਾਵੇਜ਼ਾਂ ਤੋਂ ਇਹ ਸਾਬਤ ਕੀਤਾ ਜਾ ਸਕਦਾ ਹੈ ਕਿ ਤੁਹਾਡੇ ਕੋਲ ਕਾਨੂੰਨੀ ਅਧਿਕਾਰ ਹੈ। ਇਹਨਾਂ ਵਿੱਚ ਹੇਠ ਲਿਖੇ ਸ਼ਾਮਲ ਹਨ :-

- ਨੈਸ਼ਨਲ ਇਨਸ਼ੂਰੈਂਸ ਨੰਬਰ;
- ਪੀ 45 ;
- ਕੰਮ ਕਰਨ ਦਾ ਪਰਮਿਟ ; ਜਾਂ
- ਤੁਹਾਡੇ ਪਾਸਪੋਰਟ ਤੇ ਲੱਗੀ ਹੋਈ ਸਹੀ ਮੁਹਰ ਆਦਿ।

**ਮੈਂ ਕਿੰਨੇ ਕੁ ਪੈਸੇ ਲੈਣ ਦੀ ਆਸ ਕਰ ਸਕਦਾ ਹਾਂ?**
ਯੂ.ਕੇ. ਵਿੱਚ ਹੁਣ ਰਾਸ਼ਟਰੀ ਘੱਟੋ ਘੱਟ ਤਨਖ਼ਾਹ ਨਿਯਤ ਕੀਤੀ ਹੋਈ ਹੈ। ਤੁਹਾਡਾ ਨਿਯੋਜਕ ਤੁਹਾਨੂੰ ਇਸ ਤੋਂ ਘੱਟ ਤਨਖ਼ਾਹ ਨਹੀਂ ਦੇ ਸਕਦਾ। ਰਾਸ਼ਟਰੀ ਘੱਟੋ ਘੱਟ ਤਨਖ਼ਾਹ ਲੈਣ ਦਾ ਤੁਹਾਡਾ ਅਧਿਕਾਰ ਛੱਡਣ ਲਈ ਤੁਹਾਡਾ ਨਿਯੋਜਕ ਨਾ ਹੀ ਤੁਹਾਡੇ ਕੋਲੋਂ ਜ਼ਬਰਦਸਤੀ ਦਸਤਖ਼ਤ ਕਰਵਾ ਸਕਦਾ ਹੈ ਨਾ ਹੀ ਤੁਹਾਨੂੰ ਪ੍ਰੇਰਿਤ ਕਰ ਸਕਦਾ ਹੈ। ਜੇ ਤੁਹਾਨੂੰ ਰਾਸ਼ਟਰੀ ਘੱਟੋ ਘੱਟ ਤਨਖ਼ਾਹ ਨਹੀਂ ਦਿੱਤੀ ਜਾਂਦੀ ਅਤੇ ਤੁਸੀਂ ਇਸ ਬਾਰੇ ਸ਼ਿਕਾਇਤ ਕਰਦੇ ਹੋ ਤਾਂ ਤੁਹਾਡੇ ਨਿਯੋਜਕ ਦੁਆਰਾ ਤੁਹਾਡੇ ਅਣਉਚਿਤ ਤੌਰ ਤੇ ਨੌਕਰੀ ਤੋਂ ਕੱਢੇ ਜਾਣ ਦੀ ਜਾਂ ਤੁਹਾਨੂੰ ਕਿਸੇ ਪ੍ਰਕਾਰ ਦੇ ਵਿਤਕਰੇ ਦਾ ਸ਼ਿਕਾਰ ਬਣਾਉਣ ਦੇ ਵਿਰੁੱਧ ਤੁਹਾਡੇ ਕੋਲ ਕਾਨੂੰਨੀ ਸੁਰੱਖਿਅਤਾ ਹੈ। ਜੇ ਰਾਸ਼ਟਰੀ ਘੱਟੋ ਘੱਟ ਤਨਖ਼ਾਹ ਨਹੀਂ ਦਿੱਤੀ ਜਾ ਰਹੀ ਤਾਂ ਤੁਸੀਂ ਰਾਸ਼ਟਰੀ ਘੱਟੋ ਘੱਟ ਤਨਖ਼ਾਹ ਸੰਬੰਧੀ ਸਹਾਇਤਾ ਲਾਈਨ ਕੋਲ ਸ਼ਿਕਾਇਤ ਕਰ ਸਕਦੇ ਹੋ।

**ਰਾਸ਼ਟਰੀ ਘੱਟੋ ਘੱਟ ਤਨਖ਼ਾਹ ਕਿੰਨੀ ਹੈ?**
ਜੇ ਤੁਸੀਂ 22 ਸਾਲਾਂ ਦੀ ਅਤੇ ਇਸ ਤੋਂ ਵੱਧ ਉਮਰ ਦੇ ਹੋ ਤਾਂ ਅਕਤੂਬਰ 2005 ਤੋਂ ਰਾਸ਼ਟਰੀ ਘੱਟੋ ਘੱਟ ਤਨਖ਼ਾਹ 5 ਪੌਂਡ 5 ਪੈਂਸ ਹੈ, 18 – 21 ਸਾਲਾਂ ਦੀ ਉਮਰ ਵਾਲਿਆਂ ਲਈ ਇਹ 4 ਪੌਂਡ 25 ਪੈਂਸ ਹੈ ਅਤੇ 16 – 17 ਸਾਲਾਂ ਦੀ ਉਮਰ ਵਾਲਿਆਂ ਲਈ ਇਹ 3 ਪੌਂਡ 00 ਪੈਂਸ ਹੈ। ਇਹਨਾਂ ਅੰਕੜਿਆਂ ਵਿੱਚ ਹਰੇਕ ਸਾਲ ਅਕਤੂਬਰ ਦੇ ਮਹੀਨੇ ਵਿੱਚ ਤਬਦੀਲੀ ਕੀਤੀ ਜਾਂਦੀ ਹੈ।

**ਮੇਰਾ ਨਿਯੋਜਕ ਮੇਰੇ ਕੋਲੋਂ ਕਿੰਨੇ ਘੰਟੇ ਕੰਮ ਕਰਵਾ ਸਕਦਾ ਹੈ?**
ਤੁਹਾਡੇ ਨੌਕਰੀ ਦੇ ਸਮਝੌਤੇ ਵਿੱਚ ਜਾਂ ਨੌਕਰੀ ਦੀਆਂ ਸ਼ਰਤਾਂ ਦੇ ਲਿਖਤੀ ਬਿਆਨ ਵਿੱਚ ਤੁਹਾਡੇ ਕੰਮ ਦੇ ਘੰਟਿਆਂ ਬਾਰੇ ਤੁਹਾਨੂੰ ਦੱਸਿਆ ਹੋਇਆ ਹੋਣਾ ਚਾਹੀਦਾ ਹੈ। ਕੰਮ ਦੇ ਸਮੇਂ ਨਾਲ ਸੰਬੰਧਿਤ ਨਿਯਮਾਂ ਵਿਚ ਇਹ ਲਿਖਿਆ ਹੋਇਆ ਹੁੰਦਾ ਹੈ ਕਿ ਔਸਤਨ ਤੁਹਾਨੂੰ ਹਫ਼ਤੇ ਦੇ 48 ਘੰਟਿਆਂ ਤੋਂ ਵੱਧ ਕੰਮ ਨਹੀਂ ਕਰਨਾ ਚਾਹੀਦਾ, ਜਦ ਕਿ ਤੁਸੀਂ ਇਸ ਤੋਂ ਜ਼ਿਆਦਾ ਘੰਟੇ ਕੰਮ ਕਰਨ ਲਈ ਲਿਖਤੀ ਤੌਰ ਤੇ ਸਮਝੌਤਾ ਨਾ ਕੀਤਾ ਹੋਇਆ ਹੋਵੇ।

**ਕੀ ਮੇਰੇ ਨਿਯੋਜਕ ਨੂੰ ਮੇਰੀ ਟਰੇਡ ਯੂਨੀਅਨ ਨੂੰ ਮਾਨਤਾ ਦੇਣੀ ਪਵੇਗੀ?**
ਕਰਮਚਾਰੀਆਂ ਦੇ ਕੰਮ ਸੰਬੰਧੀ ਸ਼ਰਤਾਂ ਬਾਰੇ ਗੱਲ-ਬਾਤ ਕਰਨ ਲਈ ਸ਼ਾਇਦ ਤੁਹਾਡੇ ਨਿਯੋਜਕ ਨੂੰ ਯੂਨੀਅਨ ਨਾਲ ਗੱਲ-ਬਾਤ ਕਰਨੀ ਪਵੇ।

**ਨੌਕਰੀ ਸੰਬੰਧੀ ਮਸਲਿਆਂ ਬਾਰੇ ਮੈਂ ਵਧੇਰੇ ਸਹਾਇਤਾ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?**
ਇਸ ਸੀ.ਡੀ. ਦੇ ਨਾਲ ਦਿੱਤੇ ਗਏ ਵਧੇਰੇ ਸਹਾਇਤਾ ਬਾਰੇ ਪਰਚੇ ਵਿੱਚ ਦਰਜ ਨਾਵਾਂ ਵਾਲੀਆਂ ਸੰਸਥਾਵਾਂ 'ਚੋਂ ਕਿਸੇ ਵੀ ਸੰਸਥਾ ਤੋਂ ਤੁਸੀਂ ਸਲਾਹ ਅਤੇ ਸਹਾਇਤਾ ਲੈ ਸਕਦੇ ਹੋ।

# ਜੇ ਤੁਹਾਡਾ ਵਿਆਹ ਟੁੱਟ ਜਾਂਦਾ ਹੈ ਤਾਂ ਤੁਹਾਡੇ ਅਧਿਕਾਰ

**ਕੀ ਤਲਾਕ ਲੈਣ ਲਈ ਮੈਨੂੰ ਕਿਸੇ ਵਕੀਲ ਦੀ ਲੋੜ ਹੈ?**

ਜਦੋਂ ਤੁਸੀਂ ਵੱਖਰੇ ਹੋਣ ਬਾਰੇ ਜਾਂ ਤਲਾਕ ਲੈਣ ਬਾਰੇ ਸੋਚਣਾ ਸ਼ੁਰੂ ਕਰਦੇ ਹੋ, ਉਦੋਂ ਕਿਸੇ ਵਕੀਲ ਤੋਂ ਵਿਸ਼ੇਸ਼ੱਗ ਸਲਾਹ ਲੈਣੀ ਸ਼ਾਇਦ ਚੰਗੀ ਗੱਲ ਹੈ, ਪਰ ਹੋ ਸਕਦਾ ਹੈ ਕਿ ਤੁਸੀਂ ਇਹ ਫ਼ੈਸਲਾ ਕਰੋ ਕਿ ਇਸ ਮਸਲੇ ਨੂੰ ਤੁਸੀਂ ਆਪ ਸੁਲਝਾ ਸਕਦੇ ਹੋ।

ਤੁਹਾਨੂੰ ਕਿਸੇ ਵਕੀਲ ਤੋਂ ਸਲਾਹ ਲੈਣ ਦੀ ਲੋੜ ਹੋਵੇਗੀ ਜੇ :

- ਤੁਹਾਡੇ ਬੱਚੇ ਹਨ
- ਤੁਸੀਂ ਲੰਬੇ ਸਮੇਂ (ਪੰਜ ਸਾਲਾਂ ਤੋਂ) ਤੋਂ ਵਿਆਹੇ ਹੋਏ ਹੋ; ਜਾਂ
- ਤੁਹਾਡੇ ਕੋਲ ਤੁਹਾਡੇ ਘਰ ਨਾਲ ਸੰਬੰਧਿਤ ਅਤੇ ਪੈਸਿਆਂ ਸੰਬੰਧੀ ਮਸਲੇ ਸੁਲਝਾਉਣ ਲਈ ਹਨ;
- ਤੁਹਾਡੇ ਕੋਲ ਪ੍ਰਾਈਵੇਟ ਪੈਨਸ਼ਨ ਹੈ।

**ਕੀ ਮੈਂ ਆਪਣੇ ਤਲਾਕ ਦਾ ਮਾਮਲਾ ਆਪ ਨਜਿੱਠ ਸਕਦਾ ਹਾਂ?**

ਹਾਂ, ਪਰ ਤਾਂ ਜੇ ਤੁਹਾਡੇ ਹਾਲਾਤ ਗੁੰਝਲਦਾਰ ਨਹੀਂ ਹਨ। ਤੁਹਾਡੇ ਸਥਾਨਕ ਕਾਊਂਟੀ ਕੋਰਟ ਕੋਲ ਅਗਵਾਈ ਦੇਣ ਵਾਲੇ ਕਿਤਾਬਚੇ ਅਤੇ ਫ਼ਾਰਮ ਹੁੰਦੇ ਹਨ, ਜਿਹਨਾਂ ਦੀ ਤੁਹਾਨੂੰ ਲੋੜ ਹੋਵੇਗੀ।

**ਕੀ ਮੈਂ ਕਚਹਿਰੀ ਵਿੱਚ ਜਾਣ ਤੋਂ ਬਚ ਸਕਦਾ ਹਾਂ?**

ਤਲਾਕ ਲੈਣ ਲਈ ਤੁਹਾਨੂੰ ਫ਼ਿਰ ਵੀ ਕਚਹਿਰੀ ਵਿੱਚ ਜਾਣਾ ਪਵੇਗਾ, ਪਰ ਬੱਚਿਆਂ ਅਤੇ ਪੈਸਿਆਂ ਬਾਰੇ ਸਮਝੌਤੇ ਕਰਨ ਵਿੱਚ ਜੋੜਿਆਂ ਦੀ ਸਹਾਇਤਾ ਕਰਨ ਦਾ "ਸਾਲਸੀ" ਇਕ ਬਦਲਵਾਂ ਤਰੀਕਾ ਹੈ।

**ਕੀ ਮੈਨੂੰ ਵਕੀਲ ਅਤੇ ਸਾਲਸ ਦੋਹਾਂ ਦੀ ਲੋੜ ਹੈ?**

ਤੁਹਾਡੀ ਕਾਨੂੰਨੀ ਸਥਿਤੀ ਬਾਰੇ ਸਾਲਸ ਕੋਈ ਸਲਾਹ-ਮਸ਼ਵਰਾ ਨਹੀਂ ਦੇ ਸਕਦੇ, ਇਸ ਲਈ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਸ਼ਾਇਦ ਕਿਸੇ ਵਕੀਲ ਦੀ ਲੋੜ ਹੋਵੇਗੀ ਕਿ ਕੀਤਾ ਗਿਆ ਸਮਝੌਤਾ ਤੁਹਾਡੇ ਹਿੱਤ ਵਿੱਚ ਹੈ। ਪੈਸਿਆਂ ਸੰਬੰਧੀ ਕੀਤੇ ਗਏ ਕਿਸੇ ਸਮਝੌਤੇ ਨੂੰ ਕਚਹਿਰੀ ਦੇ ਹੁਕਮ ਵਿੱਚ ਬਦਲਣਾ ਸਿਆਣਪ ਵਾਲੀ ਗੱਲ ਹੁੰਦੀ ਹੈ।

**ਜੇ ਮੈਂ ਤਲਾਕ ਨਹੀਂ ਲੈਣਾ ਚਾਹੁੰਦਾ ਤਾਂ ਮੈਂ ਕੀ ਕਰ ਸਕਦਾ ਹਾਂ?**

ਤੁਸੀਂ ਕਾਨੂੰਨੀ ਤੌਰ ਤੇ ਵੱਖਰੇ ਹੋ ਸਕਦੇ ਹੋ।

**ਕਾਨੂੰਨੀ ਤੌਰ ਤੇ ਵੱਖਰੇ ਹੋਣ ਲਈ ਮੈਨੂੰ ਕੀ ਕਰਨ ਦੀ ਲੋੜ ਹੈ?**

ਕਾਨੂੰਨੀ ਤੌਰ ਤੇ ਅਲੱਗ ਹੋਣ ਲਈ ਤੁਹਾਨੂੰ ਕੇਵਲ ਵੱਖਰੇ ਰਹਿਣਾ ਪਵੇਗਾ।

**ਕੀ ਅਸੀਂ ਆਪਣੇ ਵੱਖਰੇ ਹੋਣ ਦੀਆਂ ਸ਼ਰਤਾਂ ਨੂੰ ਕਾਨੂੰਨਨ ਬਣਾ ਸਕਦੇ ਹਾਂ?**

ਬੱਚਿਆਂ, ਪੈਸਿਆਂ ਅਤੇ ਜਾਇਦਾਦ ਬਾਰੇ ਜਿਹੜਾ ਸਮਝੌਤਾ ਤੁਸੀਂ ਕਰਦੇ ਹੋ, ਉਸ ਦਾ ਤੁਸੀਂ ਇਕ ਨਿਯਮਿਤ ਰੂਪ ਵਿੱਚ ਦਸਤਾਵੇਜ਼ ਬਣਾ ਸਕਦੇ ਹੋ। ਅਜਿਹਾ ਕਰਨ ਲਈ ਤੁਹਾਨੂੰ ਕਿਸੇ ਵਕੀਲ ਤੋਂ ਸਲਾਹ ਲੈਣੀ ਪਵੇਗੀ। ਇਸ ਦਸਤਾਵੇਜ਼ ਨੂੰ "ਵੱਖਰੇ ਹੋਣ ਬਾਰੇ ਕਾਨੂੰਨੀ ਲਿਖਤ" ਕਿਹਾ ਜਾਂਦਾ ਹੈ। ਇਸ ਦਾ ਬਦਲ ਕਚਹਿਰੀ ਤੋਂ ਵੱਖਰੇ ਹੋਣ ਦੀ ਆਗਿਆ ਲੈ ਲੈਣੀ ਹੋ ਸਕਦਾ ਹੈ, ਜਿਹੜੀ ਕਿ ਕਚਹਿਰੀ ਦੁਆਰਾ ਦਿੱਤੀ ਜਾਦੀ ਹੈ।

**ਜਦੋਂ ਅਸੀਂ ਵੱਖਰੇ ਹੁੰਦੇ ਹਾਂ ਜਾਂ ਤਲਾਕ ਦਿੰਦੇ ਹਾਂ ਜੇ ਉਦੋਂ ਅਸੀਂ ਵਿਤੀ ਮਸਲਿਆਂ ਬਾਰੇ ਸਹਿਮਤ ਨਾ ਹੋਈਏ ਤਾਂ ਕੀ ਹੁੰਦਾ ਹੈ?**

ਆਪਣੇ ਪਤੀ ਜਾਂ ਪਤਨੀ ਤੋਂ ਕਚਹਿਰੀ ਰਾਹੀਂ ਖ਼ਰਚੇ ਦੇ ਪੈਸੇ ਲੈਣ ਦੇ ਇੱਥੇ ਬਹੁਤ ਸਾਰੇ ਤਰੀਕੇ ਹਨ ਅਤੇ ਬੱਚੇ ਦੇ ਖ਼ਰਚੇ ਦੇ ਪੈਸਿਆਂ ਲਈ ਤੁਸੀਂ ਚਾਇਲਡ ਸਪੋਰਟ ਏਜੰਸੀ ਤੋਂ ਸਹਾਇਤਾ ਲੈ ਸਕਦੇ ਹੋ।

**ਜੇ ਮੇਰਾ ਪਤੀ ਜਾਂ ਪਤਨੀ ਜਾਂ ਸਾਥੀ, ਜੇ ਮੈਂ ਵਿਆਹਿਆ/ਵਿਆਹੀ ਹੋਇਆ/ਹੋਈ ਨਹੀਂ ਹਾਂ, ਮੇਰੇ ਤੇ ਜਾਂ ਬੱਚਿਆਂ ਤੇ ਤਸ਼ੱਦਦ ਕਰਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੇ?**

ਸਭ ਤੋਂ ਪਹਿਲਾਂ ਤੁਹਾਨੂੰ ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਬਚਾਉਣ ਲਈ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਫ਼ਿਰ ਪੁਲੀਸ ਨੂੰ ਬੁਲਾਉਣਾ ਚਾਹੀਦਾ ਹੈ। ਜੇ ਆਰਜ਼ੀ ਤੌਰ ਤੇ ਤੁਹਾਨੂੰ ਆਪਣਾ ਘਰ ਛੱਡ ਕੇ ਜਾਣ ਦੀ ਲੋੜ ਹੈ ਤਾਂ ਇੱਥੇ ਪਨਾਹ ਦੇਣ ਵਾਲੀਆਂ ਥਾਵਾਂ ਹਨ, ਜਿੱਥੇ ਤੁਸੀਂ ਜਾ ਸਕਦੇ ਹੋ। ਆਪਣੇ ਸਾਥੀ ਨੂੰ ਘਰ 'ਚੋਂ ਕੱਢਣ ਲਈ, ਤੁਹਾਨੂੰ ਤੰਗ ਕਰਨ ਤੋਂ ਜਾਂ ਤੁਹਾਡੇ ਤੇ ਹਮਲਾ ਕਰਨ ਤੋਂ ਰੋਕਣ ਲਈ, ਹੋ ਸਕਦਾ ਹੈ ਕਿ ਤੁਸੀਂ ਕਚਹਿਰੀ ਤੋਂ ਆਰਡਰ ਲੈ ਸਕਦੇ ਹੋਵੋ। ਤੁਹਾਨੂੰ ਛੇਤੀ ਤੋਂ ਛੇਤੀ ਆਪਣੇ ਵਕੀਲ ਨੂੰ ਮਿਲਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜੇ ਤੁਹਾਡੇ ਸੱਟਾਂ ਲੱਗੀਆਂ ਹਨ ਤਾਂ ਉਹਨਾਂ ਦੀ ਫ਼ੋਟੋ ਖਿੱਚਣ ਨਾਲ ਜਾਂ ਉਹਨਾਂ ਬਾਰੇ ਹੋਰ ਕੋਈ ਸਬੂਤ, ਹੋ ਸਕਦਾ ਹੈ ਕਿ ਤੁਹਾਡੇ ਕੇਸ ਵਿੱਚ ਤੁਹਾਡੀ ਮਦਦ ਕਰ ਸਕਦਾ ਹੋਵੇ।

## ਇਕੱਠੇ ਰਹਿਣਾ – ਜੇ ਤੁਸੀਂ ਵੱਖਰੇ ਹੋ ਜਾਂਦੇ ਹੋ ਤਾਂ ਤੁਹਾਡੇ ਅਧਿਕਾਰ

ਕੁਝ ਲੋਕ ਜਿਹੜੇ ਇਕੱਠੇ ਰਹਿੰਦੇ ਹਨ, ਉਹ ਕਾਨੂੰਨੀ ਸਿਸਟਮ ਵਿੱਚ ਆਸਾਨੀ ਨਾਲ ਫ਼ਿੱਟ ਨਹੀਂ ਹੁੰਦੇ ਅਤੇ ਅਸਲ ਵਿੱਚ ਇਕੱਠੇ ਰਹਿਣ ਨਾਲ ਤੁਹਾਨੂੰ ਇਕ ਦੂਸਰੇ ਤੇ ਕਾਨੂੰਨੀ ਅਧਿਕਾਰ ਜਾਂ ਕਾਨੂੰਨੀ ਜ਼ਿੰਮੇਦਾਰੀਆਂ ਨਹੀਂ ਮਿਲਦੀਆਂ। ਤੁਹਾਡੇ ਦੋਹਾਂ ’ਚੋਂ ਕੋਈ ਵੀ ਨਾ ਤਾਂ ਇਕ ਦੂਸਰੇ ਤੋਂ ਖ਼ਰਚੇ ਦੇ ਪੈਸਿਆਂ ਦਾ ਕਲੇਮ ਕਰ ਸਕਦਾ ਹੈ ਨਾ ਹੀ ਜੇ ਦੂਸਰੇ ਦੀ ਮੌਤ ਹੋ ਜਾਂਦੀ ਹੈ, ਉਸ ਸੂਰਤ ਵਿੱਚ ਆਪਣੇ ਆਪ ਜਾਇਦਾਦ ਦਾ ਵਾਰਸ ਬਣ ਸਕਦਾ ਹੈ।

**ਕੀ ਇਸ ਬਾਰੇ ਕੁਝ ਕੀਤਾ ਜਾ ਸਕਦਾ ਹੈ?**

ਇਕ ਨਵਾਂ ਕਾਨੂੰਨ ਜਿਹੜਾ ਦਸੰਬਰ 2005 ਵਿੱਚ ਲਾਗੂ ਕੀਤਾ ਗਿਆ ਹੈ, ਉਸ ਨਾਲ ਸਮ-ਲਿੰਗ ਜੋੜਿਆਂ ਨੂੰ ਆਪਣੇ ਇਕੱਠੇ ਰਹਿਣ ਨੂੰ ਦਰਜ ਕਰਵਾਉਣ ਦੀ ਆਗਿਆ ਹੋਵੇਗੀ ਅਤੇ ਫ਼ਿਰ ਉਹਨਾਂ ਨਾਲ ਵਿਆਹੇ ਹੋਏ ਜੋੜਿਆਂ ਵਰਗਾਂ ਵਰਤਾਓ ਕੀਤਾ ਜਾਵੇਗਾ। ਇਹ ਕਾਨੂੰਨ ਅਣ-ਵਿਆਹੇ ਹੋਏ ਮਰਦਾਂ ਅਤੇ ਔਰਤਾਂ ਦੇ ਮਾਮਲੇ ਵਿੱਚ ਲਾਗੂ ਨਹੀਂ ਹੋਵੇਗਾ।

**ਜੇ ਅਸੀਂ ਵੱਖਰੇ ਹੋ ਜਾਂਦੇ ਹਾਂ ਤਾਂ ਸਾਡੇ ਘਰ ਦਾ ਕੀ ਹੁੰਦਾ ਹੈ?**

ਜਦੋਂ ਤੁਸੀਂ ਇਕੱਠੇ ਰਹਿਣਾ ਸ਼ੁਰੂ ਕਰਦੇ ਹੋ, ਜੇ ਉਦੋਂ ਹੀ ਤੁਸੀਂ ਆਪਣੀ ਕਾਨੂੰਨੀ ਸਥਿਤੀ ਪੂਰੀ ਤਰ੍ਹਾਂ ਨਾਲ ਸਪਸ਼ਟ ਕਰ ਲਵੋਂ ਤਾਂ ਜਦੋਂ ਤੁਸੀਂ ਬਾਅਦ ਵਿੱਚ ਅਲੱਗ ਹੁੰਦੇ ਹੋ, ਉਦੋਂ ਘੱਟ ਮੁਸ਼ਕਲਾਂ ਆਉਣਗੀਆਂ। ਮਿਸਾਲ ਵਜੋਂ, ਜੇ ਤੁਸੀਂ ਇਕੱਠੇ ਕੋਈ ਜਾਇਦਾਦ ਖ਼ਰੀਦ ਦੇ ਹੋ ਤਾਂ ਤੁਹਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਦਸਤਾਵੇਜ਼ਾਂ ਵਿੱਚ ਇਹ ਸਪਸ਼ਟ ਕਰਕੇ ਲਿਖਿਆ ਜਾਵੇ ਕਿ ਜਾਇਦਾਦ ਦੀ ਮਾਲਕੀ ਕਿਸ ਦੇ ਨਾਂ ਹੈ ਅਤੇ ਭਵਿੱਖ ਵਿੱਚ ਤੁਸੀਂ ਇਸ ਜਾਇਦਾਦ ਦਾ ਕੀ ਕਰਨਾ ਚਾਹੁੰਦੇ ਹੋ।

**ਅਸੀਂ ਉਹ ਕਿਵੇਂ ਕਰ ਸਕਦੇ ਹਾਂ?**

ਤੁਸੀਂ “ਇਕੱਠੇ ਰਹਿਣ ਦਾ ਸਮਝੌਤਾ” ਕਰ ਸਕਦੇ ਹੋ। ਇਹ ਬਾਰੇ ਤੁਸੀਂ ਐਡਵਾਇਸ ਸਰਵਿਸ ਐਲਾਇੰਸ ਦੇ ਵੈੱਬਸਾਈਟ ਤੋਂ ਸਹਾਇਤਾ ਪ੍ਰਾਪਤ ਕਰ ਸਕਦੇ ਹੋ, ਜਿਸ ਦਾ ਪਤਾ ਵਧੇਰੇ ਸਹਾਇਤਾ ਸੰਬੰਧੀ ਪਰਚੇ ’ਚੋਂ ਲਿਆ ਜਾ ਸਕਦਾ ਹੈ।

**ਜੇ ਸਾਡੇ ਬੱਚੇ ਹਨ ਤਾਂ ਕੀ ਸਾਨੂੰ ਕੁਝ ਕਰਨ ਦੀ ਲੋੜ ਹੈ?**

ਇਕ ਅਣਵਿਆਹੀ ਮਾਂ ਦਾ ਆਪਣੇ ਬੱਚਿਆਂ ਪ੍ਰਤਿ ਮਾਪਿਆਂ ਵਾਲਾ ਫ਼ਰਜ਼ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਉਸ ਦੇ ਮਾਪੇਪੁੱਣੇ ਦੇ ਸਾਰੇ ਅਧਿਕਾਰ ਅਤੇ ਫ਼ਰਜ਼ ਹੁੰਦੇ ਹਨ।

**ਪਿਤਾ ਦੇ ਕੀ ਅਧਿਕਾਰ ਜਾਂ ਜ਼ਿੰਮੇਦਾਰੀਆਂ ਹੁੰਦੀਆਂ ਹਨ?**

ਜੇ ਪਿਤਾ ਦਾ ਨਾਂ ਜਨਮ ਦੇ ਸਰਟੀਫ਼ਿਕੇਟ ਤੇ ਲਿਖਿਆ ਹੋਇਆ ਹੈ ਜਾਂ ਕੋਈ ਸਮਝੌਤਾ ਕੀਤਾ ਹੋਇਆ ਹੈ ਜਾਂ ਮਾਪਿਆਂ ਦੀ ਜ਼ਿੰਮੇਦਾਰੀ ਸੰਬੰਧੀ ਕਚਹਿਰੀ ਤੋਂ ਆਰਡਰ ਲਿਆ ਹੋਇਆ ਹੈ ਤਾਂ ਪਿਤਾ ਦੇ ਵੀ ਮਾਂ ਵਰਗੇ ਹੀ ਅਧਿਕਾਰ ਅਤੇ ਫ਼ਰਜ਼ ਹੁੰਦੇ ਹਨ।

ਇਸ ਸੀ.ਡੀ. ਦੇ ਨਾਲ ਦਿੱਤੇ ਗਏ ਵਧੇਰੇ ਸਹਾਇਤਾ ਬਾਰੇ ਪਰਚੇ ਵਿੱਚ ਲਿਖੀਆਂ ਹੋਈਆਂ ਸੰਸਥਾਵਾਂ ਤੋਂ ਤੁਸੀਂ ਸਲਾਹ ਅਤੇ ਸਹਾਇਤਾ ਲੈ ਸਕਦੇ ਹੋ।



## ਜਾਇਦਾਦ ਖ਼ਰੀਦਣੀ ਅਤੇ ਵੇਚਣੀ

**ਜੇ ਮੈਂ ਆਪਣੀ ਜਾਇਦਾਦ ਵੇਚਣਾ ਚਾਹੁੰਦਾ ਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**
ਜੇ ਤੁਸੀਂ ਕੋਈ ਘਰ ਜਾਂ ਫ਼ਲੈਟ ਵੇਚ ਜਾਂ ਖ਼ਰੀਦ ਰਹੇ ਹੋ ਤਾਂ ਸ਼ਾਇਦ ਤੁਹਾਨੂੰ ਸਭ ਤੋਂ ਪਹਿਲਾਂ ਈਸਟੇਟ ਏਜੰਟ ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਜੇ ਤੁਹਾਨੂੰ ਕੋਈ ਸ਼ਿਕਾਇਤ ਹੈ, ਜਿਹੜੀ ਤੁਸੀਂ ਕਿਸੇ ਏਜੰਟ ਰਾਹੀਂ ਜਾਂ ਕਿਸੇ ਮਾਹਰ ਸੰਸਥਾ ਰਾਹੀਂ (ਜੇ ਇਹ ਮੈਂਬਰ ਹੈ) ਹੱਲ ਨਹੀਂ ਕਰ ਸਕਦੇ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?**
ਤੁਹਾਨੂੰ ਆਪਣੀ ਸਥਾਨਿਕ ਕੌਂਸਲ ਵਿਖੇ ਟ੍ਰੇਡਿੰਗ ਸਟੈਂਡਰਡਜ਼ ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ। ਈਸਟੇਟ ਏਜੰਟਾਂ ਨਾਲ ਸੰਬੰਧਿਤ ਇੱਥੇ ਇਕ ਲੋਕਪਾਲ ਵੀ ਹੁੰਦਾ ਹੈ, ਜਿਹੜਾ ਸ਼ਿਕਾਇਤ ਬਾਰੇ ਵਿਚਾਰ ਕਰੇਗਾ। ਫ਼ਿਰ ਵੀ, ਸਾਰੇ ਈਸਟੇਟ ਏਜੰਟ ਇਸ ਸਕੀਮ ਦੇ ਮੈਂਬਰ ਨਹੀਂ ਹੁੰਦੇ ਅਤੇ ਇਸ ਲਈ ਕਿਸੇ ਈਸਟੇਟ ਏਜੰਟ ਨਾਲ ਕੋਈ ਸਮਝੌਤਾ ਕਰਨ ਤੋਂ ਪਹਿਲਾਂ ਇਸ ਬਾਰੇ ਚੈੱਕ ਕਰ ਲੈਣਾ ਚਾਹੀਦਾ ਹੈ।

**ਕੋਈ ਜਾਇਦਾਦ ਖ਼ਰੀਦਣ ਲਈ ਸਹਿਮਤ ਹੋਣ ਤੋਂ ਪਹਿਲਾਂ ਜੇ ਕਿਸੇ ਖ਼ਰੀਦਾਰ ਨੂੰ ਉਸ ਜਾਇਦਾਦ ਬਾਰੇ ਝੂਠੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਕੀ ਉਹ ਈਸਟੇਟ ਏਜੰਟ ਜਾਂ ਵੇਚਣ ਵਾਲੇ ਦੇ ਵਿਰੁੱਧ ਕਲੇਮ ਕਰ ਸਕਦਾ ਹੈ?**
ਜਦੋਂ ਇਕ ਵਾਰ ਇਕਰਾਰਨਾਮੇ ਤੇ ਦਸਤਖ਼ਤ ਕਰ ਦਿੱਤੇ ਜਾਂਦੇ ਹਨ ਅਤੇ ਵਕੀਲਾਂ ਅਤੇ ਇੰਤਕਾਲਨਵੀਸਾਂ ਦੁਆਰਾ ਇਕਰਾਰਨਾਮੇ ਆਪਸ ਵਿੱਚ ਤਬਦੀਲ ਕਰ ਲਏ ਜਾਂਦੇ ਹਨ, ਉਸ ਤੋਂ ਬਾਅਦ ਖ਼ਰੀਦਦਾਰ ਅਤੇ ਵੇਚਣ ਵਾਲਾ ਵਿਅਕਤੀ ਦੋਨੋ ਹੀ ਵੇਚਣ ਪ੍ਰਤਿ ਵਚਨਬੱਧ ਹੋ ਜਾਂਦੇ ਹਨ ਅਤੇ ਇਸ ਇਕਰਾਰਨਾਮੇ ਤੋਂ ਮੁੱਕਰ ਨਹੀਂ ਸਕਦੇ। ਇਸ ਪੜਾਅ ਤੇ ਜੇ ਖ਼ਰੀਦਦਾਰ ਸੌਦੇ ਤੋਂ ਮੁੱਕਰਦਾ ਹੈ ਤਾਂ ਉਹ ਆਮ ਤੌਰ ਤੇ ਸਹਿਮਤੀ ਵਾਲੀ ਕੀਮਤ ਦਾ 10 ਪ੍ਰਤਿਸ਼ਤ ਦੇਵੇਗਾ।

ਜਦੋਂ ਖ਼ਰੀਦਦਾਰ ਪੂਰੀ ਰਕਮ ਦੇ ਦੇਵੇਗਾ, ਉਸ ਤੋਂ ਬਾਅਦ ਹੀ ਸੌਦਾ ਹੋ ਗਿਆ ਸਮਝਿਆ ਜਾਵੇਗਾ।

**ਜੇ ਕੋਈ ਚੀਜ਼ ਗਲਤ ਹੋ ਜਾਂਦੀ ਹੈ ਤਾਂ ਮੈਂ ਕੀ ਕਰ ਸਕਦਾ ਹਾਂ?**
ਜੇ ਤੁਸੀਂ ਆਪਣੇ ਵਕੀਲ ਜਾਂ ਇੰਤਕਾਲਨਵੀਸ ਤੋਂ ਬਹੁਤ ਮਾੜੀ ਸੇਵਾ ਪ੍ਰਾਪਤ ਕੀਤੀ ਸੀ ਅਤੇ ਉਹਨਾਂ ਨੇ ਤੁਹਾਡੀ ਸ਼ਿਕਾਇਤ ਤਸੱਲੀਬਖ਼ਸ਼ ਢੰਗ ਨਾਲ ਹੱਲ ਨਹੀਂ ਕੀਤੀ ਤਾਂ ਤੁਸੀਂ ਹੇਠ ਲਿਖੀਆਂ ਚੀਜ਼ਾਂ ਕਰ ਸਕਦੇ ਹੋ :

- ਵਕੀਲ ਬਾਰੇ ਤੁਸੀਂ ਲਾਅ ਸੁਸਾਇੱਟੀ ਕਨਜ਼ਯੂਮਰਜ਼ ਕੰਪਲੈਂਟ ਸਰਵਿਸ ਕੋਲ ਸ਼ਿਕਾਇਤ ਕਰ ਸਕਦੇ ਹੋ। ਜਿਸ ਤਰੀਕੇ ਨਾਲ ਉਹਨਾਂ ਨੇ ਤੁਹਾਡੀ ਸ਼ਿਕਾਇਤ ਨੂੰ ਹੱਲ ਕੀਤਾ ਹੈ, ਜੇ ਤੁਸੀਂ ਉਸ ਨਾਲ ਖੁਸ਼ ਨਹੀਂ ਹੋ ਤਾਂ ਤੁਸੀਂ ਇਹ ਸ਼ਿਕਾਇਤ ਕਾਨੂੰਨੀ ਸੇਵਾਵਾਂ ਸੰਬੰਧੀ ਲੋਕਪਾਲ ਕੋਲ ਲਿਜਾ ਸਕਦੇ ਹੋ।
- ਇੰਤਕਾਲਨਵੀਸ ਬਾਰੇ ਤੁਸੀਂ ਲਾਇਸੰਸ ਵਾਲੇ ਇੰਤਕਾਲਨਵੀਸਾਂ ਨਾਲ ਸੰਬੰਧਿਤ ਕੌਂਸਲ ਕੋਲ ਸ਼ਿਕਾਇਤ ਕਰ ਸਕਦੇ ਹੋ।

ਜੇ ਵਕੀਲ ਜਾਂ ਇੰਤਕਾਲਨਵੀਸ ਕਿਸੇ ਅਜਿਹੇ ਕੰਮ ਕਰਕੇ, ਜਿਹੜਾ ਉਸ ਨੂੰ ਨਹੀਂ ਕਰਨਾ ਚਾਹੀਦਾ ਸੀ, ਪਰ ਉਸ ਨੇ ਕੀਤਾ ਹੈ ਜਾਂ ਜਿਹੜਾ ਉਸ ਨੂੰ ਕਰਨਾ ਚਾਹੀਦਾ ਸੀ, ਉਸ ਨੇ ਨਹੀਂ ਕੀਤਾ, ਇਸ ਕਰਕੇ ਤੁਹਾਡਾ ਮਾਲੀ ਨੁਕਸਾਨ ਹੋਇਆ ਹੈ ਤਾਂ ਹੋ ਸਕਦਾ ਹੈ ਕਿ ਤੁਸੀਂ ਹਰਜਾਨੇ ਦਾ ਕੇਸ ਕਰ ਸਕਦੇ ਹੋਵੋਂ। ਇਸ ਲਈ ਤੁਹਾਨੂੰ ਕਿਸੇ ਵਕੀਲ ਦੀ ਲੋੜ ਹੋਵੇਗੀ।



## ਘਰ ਕਿਰਾਏ ਤੇ ਲੈਣਾ ਅਤੇ ਕਿਰਾਏ ਤੇ ਦੇਣਾ

ਜਿੱਥੇ ਤੁਸੀਂ ਰਹਿੰਦੇ ਹੋ, ਜੇ ਤੁਸੀਂ ਉਸ ਥਾਂ ਦਾ ਕਿਰਾਇਆ/ਪੈਸੇ ਕਿਸੇ ਮਕਾਨ-ਮਾਲਕ ਨੂੰ ਦਿੰਦੇ ਹੋ ਤਾਂ ਤੁਸੀਂ ਕਿਰਾਏਦਾਰ ਹੋ। ਕਿਰਾਏਦਾਰਾਂ ਅਤੇ ਮਕਾਨ-ਮਾਲਕਾਂ ਨਾਲ ਸੰਬੰਧਿਤ ਕਾਨੂੰਨ ਗੁੰਝਲਦਾਰ ਹੈ ਅਤੇ ਤੁਹਾਡੇ ਅਧਿਕਾਰ ਇਸ ਚੀਜ਼ ਤੇ ਨਿਰਭਰ ਕਰਨਗੇ ਕਿ ਤੁਹਾਡੇ ਕੋਲ ਕਿਸ ਕਿਸਮ ਦਾ ਸਮਝੌਤਾ ਹੈ।

**ਮੈਨੂੰ ਇਹ ਪਤਾ ਕਿਵੇਂ ਲੱਗੇਗਾ ਕਿ ਮੈਂ ਕਿਸ ਕਿਸਮ ਦਾ ਕਿਰਾਏਦਾਰ ਹਾਂ?**
ਤੁਹਾਨੂੰ ਆਪਣਾ ਲਿਖਤੀ ਸਮਝੌਤਾ ਚੈੱਕ ਕਰਨਾ ਚਾਹੀਦਾ ਹੈ, ਜਿਹੜਾ ਤੁਹਾਨੂੰ ਤੁਹਾਡੇ ਮਕਾਨ-ਮਾਲਕ ਕੋਲੋਂ ਮਿਲਿਆ ਹੈ। ਜੇ ਤੁਹਾਡੇ ਕੋਲ ਨਹੀਂ ਹੈ ਤਾਂ ਆਪਣੇ ਮਕਾਨ-ਮਾਲਕ ਨੂੰ ਕਾਪੀ ਦੇਣ ਲਈ ਕਹੋ, ਇਸ ਨੂੰ ਕਿਰਾਏਦਾਰੀ ਦਾ ਸਮਝੌਤਾ ਕਿਹਾ ਜਾਂਦਾ ਹੈ।

**ਇਸ ਵਿੱਚ ਕੀ ਸ਼ਾਮਲ ਹੋਣਾ ਚਾਹੀਦਾ ਹੈ?**
ਇਸ ਤੋਂ ਤੁਹਾਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਤੁਹਾਡਾ ਮਕਾਨ-ਮਾਲਕ ਕੌਣ ਹੈ। ਕੀ ਤੁਹਾਡਾ ਮਕਾਨ-ਮਾਲਕ ਕੌਂਸਲ ਹੈ, ਰਿਹਾਇਸ਼ੀ ਸੰਸਥਾ ਹੈ ਜਾਂ ਕੋਈ ਪ੍ਰਾਈਵੇਟ ਮਕਾਨ-ਮਾਲਕ ਹੈ।

**ਇਸ ਵਿੱਚ ਫ਼ਰਕ ਕੀ ਹੈ?**
ਜੇ ਤੁਹਾਡੀ ਮਕਾਨ-ਮਾਲਕ ਕੌਂਸਲ ਹੈ ਜਾਂ ਰਿਹਾਇਸ਼ੀ ਸੰਸਥਾ ਹੈ ਤਾਂ ਤੁਹਾਡੇ ਕੋਲ ਵਧੇਰੇ ਸੁਰੱਖਿਆ ਹੋਵੇਗੀ। ਜੇ ਤੁਹਾਡਾ ਮਕਾਨ-ਮਾਲਕ ਕੋਈ ਪ੍ਰਾਈਵੇਟ ਹੈ ਤਾਂ ਘੱਟ ਸੁਰੱਖਿਆ ਹੋਵੇਗੀ, ਵਿਸ਼ੇਸ਼ ਕਰਕੇ ਉਹ ਵਿਅਕਤੀ ਜਾਂ ਉਸ ਲਈ ਕੰਮ ਕਰਨ ਵਾਲਾ ਕੋਈ ਹੋਰ ਵਿਅਕਤੀ ਉਸੀ ਥਾਂ ਤੇ ਰਹਿੰਦਾ ਹੈ ਜਾਂ ਸਫ਼ਾਈ ਕਰਨ ਲਈ ਰੋਜ਼ਾਨਾ ਕਮਰੇ ਵਿੱਚ ਆਉਂਦਾ ਹੈ।

**ਜੇ ਮੈਂ ਆਪਣੀ ਰਿਹਾਇਸ਼ ਕਿਸੇ ਨਾਲ ਸਾਂਝੀ ਕਰਦਾ ਹਾਂ ਤਾਂ ਕੀ ਮੈਨੂੰ ਫ਼ਿਰ ਵੀ ਅਧਿਕਾਰ ਹਨ?**
ਜੇ ਤੁਹਾਡਾ ਨਾਂ ਕਿਰਾਏਦਾਰੀ ਦੇ ਸਮਝੌਤੇ ਵਿੱਚ ਸ਼ਾਮਲ ਨਹੀਂ ਹੈ ਤਾਂ ਤੁਹਾਨੂੰ ਕੋਈ ਅਧਿਕਾਰ ਨਹੀਂ ਹੈ।

**ਜੇ ਮਕਾਨ-ਮਾਲਕ ਕਿਰਾਏਦਾਰੀ ਖ਼ਤਮ ਕਰਨੀ ਚਾਹੁੰਦਾ ਹੈ ਤਾਂ ਕੀ ਹੁੰਦਾ ਹੈ?**
ਜੇ ਮਕਾਨ-ਮਾਲਕ ਕਿਰਾਏਦਾਰੀ ਖ਼ਤਮ ਕਰਨੀ ਚਾਹੁੰਦਾ ਹੈ ਤਾਂ ਜ਼ਿਆਦਾਤਰ ਮਾਮਲਿਆਂ ਵਿੱਚ ਉਸ ਨੂੰ ਤੁਹਾਨੂੰ ਨੋਟਿਸ ਦੇਣਾ ਪਵੇਗਾ। ਜੇ ਕਿਰਾਏਦਾਰ ਨੋਟਿਸ ਦਾ ਸਮਾਂ ਖ਼ਤਮ ਹੋਣ ਤੱਕ ਘਰ ਨਹੀਂ ਛੱਡਦਾ ਤਾਂ ਮਕਾਨ-ਮਾਲਕ "ਮਕਾਨ ਤੇ ਕਬਜ਼ਾ ਕਰਨ ਦੀ ਪ੍ਰਕ੍ਰਿਆ" ਸ਼ੁਰੂ ਕਰ ਸਕਦਾ ਹੈ। ਨੋਟਿਸ ਦਾ ਸਮਾਂ ਖ਼ਤਮ ਹੋਣ ਤੱਕ ਘਰ ਛੱਡ ਕੇ ਜਾਣਾ ਕਿਰਾਏਦਾਰ ਲਈ ਜ਼ਰੂਰੀ ਨਹੀਂ ਹੈ, ਪਰ ਜੇ ਉਹ ਘਰ ਛੱਡ ਕੇ ਨਹੀਂ ਜਾਂਦਾ ਤਾਂ ਮਕਾਨ-ਮਾਲਕ ਦੇ ਕਚਹਿਰੀ ਵਿੱਚ ਜਾਣ ਦਾ ਖ਼ਰਚ ਕਿਰਾਏਦਾਰ ਨੂੰ ਦੇਣਾ ਪੈ ਸਕਦਾ ਹੈ।

**ਜੇ ਮਕਾਨ-ਮਾਲਕ ਕਬਜ਼ਾ ਕਰਨ ਦਾ ਹੁਕਮ ਲੈ ਲੈਂਦਾ ਹੈ ਤਾਂ ਕੀ ਹੁੰਦਾ ਹੈ?**
ਜੇ ਨੀਯਤ ਕੀਤੀ ਹੋਈ ਤਰੀਕ ਤੱਕ "ਘਰ ਤੇ ਕਬਜ਼ਾ" ਕਰਨ ਦੀ ਕਚਹਿਰੀ ਮਕਾਨ-ਮਾਲਕ ਨੂੰ ਆਗਿਆ ਦੇ ਦਿੰਦੀ ਹੈ ਤਾਂ ਉਹ ਤਰੀਕ ਲੰਘ ਜਾਣ ਤੋਂ ਬਾਅਦ ਉਹ ਵਰੰਟ ਲੈਣ ਲਈ ਅਰਜ਼ੀ ਦੇ ਸਕਦਾ ਹੈ। ਇਸ ਦਾ ਮਤਲਬ ਇਹ ਹੈ ਕਿ ਕਚਹਿਰੀ ਕੁਰਕੀ-ਆਮੀਨ ਨਾਂ ਦੇ ਅਫ਼ਸਰ ਨੂੰ ਕਿਰਾਏਦਾਰ ਨੂੰ ਬੇਦਖ਼ਲ ਕਰਨ ਲਈ ਕਹਿ ਦੇਵੇਗੀ। ਜੇ ਤੁਸੀਂ ਕਿਰਾਏਦਾਰ ਹੋ ਅਤੇ ਤੁਸੀਂ ਕੁਰਕੀ-ਆਮੀਨ ਤੋਂ ਵਰੰਟ ਪ੍ਰਾਪਤ ਕਰਦੇ ਹੋ ਤਾਂ ਤੁਹਾਨੂੰ ਛੇਤੀ ਤੋਂ ਛੇਤੀ ਸਲਾਹ ਅਤੇ ਸਹਾਇਤਾ ਲੈਣੀ ਚਾਹੀਦੀ ਹੈ।

ਕਚਹਿਰੀ ਦੇ ਹੁਕਮ ਤੋਂ ਬਿਨਾਂ ਕਿਸੇ ਕਿਰਾਏਦਾਰ ਨੂੰ ਬੇਦਖ਼ਲ ਕਰਨਾ, ਮਕਾਨ-ਮਾਲਕ ਲਈ ਗੈਰ-ਕਾਨੂੰਨੀ ਹੁੰਦਾ ਹੈ। ਕੁਝ ਇਕ ਹਾਲਾਤਾਂ ਵਿੱਚ ਕਿਰਾਏਦਾਰ ਕੋਲ ਇਹ ਸੁਰੱਖਿਅਤਾ ਨਹੀਂ ਹੁੰਦੀ। ਜ਼ਿਆਦਾਤਰ ਅਜਿਹਾ ਉੱਥੇ ਹੁੰਦਾ ਹੈ, ਜਿੱਥੇ ਕਿਰਾਏਦਾਰ ਆਪਣੇ ਮਕਾਨ-ਮਾਲਕ ਨਾਲ ਮਿਲ ਕੇ ਰਹਿਣ ਵਾਲੀ ਥਾਂ ਦੀ ਵਰਤੋਂ ਕਰਦਾ ਹਾਂ।

ਜੇ ਤੁਸੀਂ ਅਜਿਹੇ ਕਿਰਾਏਦਾਰ ਹੋ, ਜਿਸ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਜਾਂ ਤੁਹਾਨੂੰ ਕੋਈ ਪ੍ਰਾਈਵੇਟ ਮਕਾਨ-ਮਾਲਕ ਗੈਰ-ਕਾਨੂੰਨੀ ਤਰੀਕੇ ਨਾਲ ਬੇਦਖ਼ਲ ਕਰ ਰਿਹਾ ਹੈ ਤਾਂ ਆਪਣੀ ਸਥਾਨਕ ਕੌਂਸਲ ਵਿੱਚ ਕਿਰਾਏਦਾਰੀ ਦੇ ਸੰਬੰਧਾਂ ਦੇ ਅਫ਼ਸਰ ਨਾਲ ਸੰਪਰਕ ਕਰੋ।

## ਆਪਣਾ ਘਰ ਖੋਹਣਾ

ਜੇ ਤੁਸੀਂ ਬੇਘਰ ਹੋਣ ਜਾ ਰਹੇ ਹੋ, ਕਿਉਂ ਕਿ ਤੁਹਾਡਾ ਮਕਾਨ-ਮਾਲਕ ਚਾਹੁੰਦਾ ਹੈ ਕਿ ਤੁਸੀਂ ਆਪਣਾ ਘਰ ਜਾਂ ਫ਼ਲੈਟ ਛੱਡ ਕੇ ਚਲੇ ਜਾਓ ਤਾਂ ਇੱਥੇ ਇਹ ਯਕੀਨੀ ਬਣਾਉਣ ਲਈ ਕਾਨੂੰਨ ਹਨ ਕਿ ਉਹ ਤੁਹਾਡੇ ਨਾਲ ਢੁਕਵੇਂ ਤਰੀਕੇ ਨਾਲ ਵਰਤਾਓ ਕਰਦਾ/ਕਰਦੀ ਹੈ ਅਤੇ ਜਿਹੜੇ ਤੁਹਾਡੇ ਕਿਰਾਏ ਦੇ ਪੈਸੇ ਬਕਾਇਆ ਰਹਿੰਦੇ ਹਨ, ਉਹ ਦੇਣ ਦਾ ਤੁਹਾਨੂੰ ਮੌਕਾ ਦਿੰਦਾ/ਦਿੰਦੀ ਹੈ। ਜੇ ਤੁਸੀਂ ਬੇਘਰ ਹੋ ਜਾਂ ਬੇਘਰ ਹੋਣ ਜਾ ਰਹੇ ਹੋ ਤਾਂ ਜਲਦੀ ਨਾਲ ਕੋਈ ਕਾਰਵਾਈ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ।

ਜਦੋਂ "ਕਬਜ਼ੇ ਦੇ ਕੇਸ" ਸੁਣੇ ਜਾ ਰਹੇ ਹੁੰਦੇ ਹਨ, ਉਦੋਂ ਸਲਾਹ-ਮਸ਼ਵਰਾ ਦੇਣ ਲਈ, ਮਰਸੀਸਾਈਡ ਕਾਊਂਟੀ ਦੀਆਂ ਸਾਰੀਆਂ ਅਦਾਲਤਾਂ ਵਿੱਚ ਸਲਾਹਕਾਰ ਮੌਜੂਦ ਹੁੰਦੇ ਹਨ। ਉਹ ਤੁਹਾਡੇ ਹਾਲਾਤਾਂ ਨੂੰ ਸਮਝਾਉਣ ਵਿੱਚ ਤੇ ਤੁਹਾਨੂੰ ਘਰ ਵਿੱਚ ਰਹਿਣ ਦਾ ਤਰੀਕਾ ਲੱਭਣ ਦੀ ਕੋਸ਼ਿਸ਼ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ। ਜਿੰਨੀ ਛੇਤੀ ਤੁਸੀਂ ਸਹਾਇਤਾ ਲਵੋਗੇ, ਉਨਾਂ ਹੀ ਚੰਗਾ ਹੈ।

**ਸੋ ਬੇਘਰਤਾ ਕੀ ਹੈ?**

- ਤੁਹਾਡੇ ਕੋਲ ਰਹਿਣ ਲਈ ਥਾਂ ਹੈ, ਪਰ ਤੁਸੀਂ ਉੱਥੇ ਰਹਿ ਨਹੀਂ ਸਕਦੇ, ਕਿਉਂਕਿ ਤੁਹਾਨੂੰ ਆਪਣੀ ਸੁਰੱਖਿਅਤਾ ਦਾ ਫ਼ਿਕਰ ਹੈ। ਇਹ ਧਮਕੀ ਤੁਹਾਡੇ ਘਰ ਵਿੱਚ ਰਹਿਣ ਵਾਲੇ ਵਲੋਂ ਹੀ ਮਿਲਣੀ ਜ਼ਰੂਰੀ ਨਹੀਂ ਹੈ, ਇਹ ਤੁਹਾਡੇ ਗੁਆਂਢੀ ਜਾਂ ਸਾਬਕਾ-ਸਾਥੀ ਵਲੋਂ ਵੀ ਦਿੱਤੀ ਜਾ ਸਕਦੀ ਹੈ।
- ਤੁਹਾਡਾ ਘਰ ਬਹੁਤ ਮਾੜੀ ਹਾਲਤ ਵਿੱਚ ਹੈ ਅਤੇ ਇਹ ਸਿਹਤ ਲਈ ਖ਼ਤਰਾ ਹੈ।
- ਤੁਹਾਡੇ ਕੋਲ ਆਪਣੇ ਪਰਿਵਾਰ ਨਾਲ ਰਹਿਣ ਲਈ ਕੋਈ ਥਾਂ ਨਹੀਂ ਹੈ।
- ਤੁਹਾਨੂੰ ਤੁਹਾਡੇ ਘਰ 'ਚੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਤੁਹਾਨੂੰ ਘਰ ਦੇ ਅੰਦਰ ਵਾਪਸ ਆਉਣ ਦੀ ਆਗਿਆ ਨਹੀਂ ਹੈ।
- ਤੁਸੀਂ ਕੈਰਾਬਾਨ ਵਿੱਚ ਜਾਂ ਕਿਸ਼ਤੀਨੁਮਾ ਘਰ ਵਿੱਚ ਰਹਿੰਦੇ ਹੋ ਅਤੇ ਇਸ ਨੂੰ ਕਾਨੂੰਨੀ ਤੌਰ ਪਾਰਕ ਕਰਨ ਲਈ ਤੁਹਾਡੇ ਕੋਲ ਕੋਈ ਥਾਂ ਨਹੀਂ ਹੈ।

**ਜੇ ਮੇਰੇ ਕੋਲ ਰਹਿਣ ਲਈ ਕੋਈ ਜਗ੍ਹਾ ਨਹੀਂ ਹੈ ਤਾਂ ਮੈਂ ਕੀ ਕਰ ਸਕਦਾ ਹਾਂ?**
ਜੇ ਤੁਸੀਂ ਬੇਘਰ ਹੋ ਜਾਂ ਤੁਹਾਡੇ ਆਪਣੇ ਕਸੂਰ ਤੋਂ ਬਿਨਾਂ ਤੁਹਾਡੇ ਬੇਘਰ ਹੋਣ ਦੀ ਸੰਭਾਵਨਾ ਹੈ ਤਾਂ ਸਥਾਨਕ ਕੌਂਸਲ ਕਿਸੇ ਹੋਰ ਥਾਂ ਤੇ ਰਹਿਣ ਦੀ ਤੁਹਾਨੂੰ ਪੇਸ਼ਕਸ਼ ਕਰ ਸਕਦੀ ਹੈ। ਇਹ ਤੁਹਾਡੇ ਹਾਲਤ ਤੇ ਨਿਰਭਰ ਹੋਵੇਗਾ। ਤੁਹਾਡਾ "ਸਹਾਇਤਾ ਲਈ ਹੱਕਦਾਰ" ਹੋਣਾ ਅਤੇ ਤੁਹਾਡੀ "ਤਰਜੀਹੀ ਲੋੜ" ਹੋਣੀ ਜ਼ਰੂਰੀ ਹੈ।

**ਮੈਨੂੰ ਇਹ ਪਤਾ ਕਿਵੇਂ ਲੱਗੇਗਾ ਕਿ ਮੈਂ ਮਦਦ ਲੈਣ ਦਾ ਹੱਕਦਾਰ ਸੀ?**
ਜੇ ਤੁਸੀਂ ਆਮ ਤੌਰ ਤੇ ਯੂ.ਕੇ. ਵਿੱਚ ਨਹੀਂ ਰਹਿੰਦੇ, ਭੱਤਾ ਲੈਣ ਦੇ ਹੱਕਦਾਰ ਨਹੀਂ ਹੋ ਜਾਂ ਬਿਦੇਸ਼ ਵਿੱਚ ਰਹਿਣ ਤੋਂ ਬਾਅਦ ਤੁਸੀਂ ਹੁਣੇ ਹੁਣੇ ਹੀ ਯੂ.ਕੇ. ਵਿੱਚ ਵਾਪਸ ਆਏ ਹੋ ਤਾਂ ਹੋ ਸਕਦਾ ਹੈ ਕਿ ਤੁਸੀਂ ਸਹਾਇਤਾ ਦੇ ਹੱਕਦਾਰ ਨਾ ਹੋਵੋਂ।

ਜੇ ਤੁਹਾਨੂੰ ਇਸ ਬਾਰੇ ਪੱਕਾ ਪਤਾ ਨਹੀਂ ਹੈ ਜਾਂ ਜੇ ਤੁਸੀਂ ਸੋਚਦੇ ਹੋ ਕਿ ਸ਼ਾਇਦ ਤੁਸੀਂ ਹੋਰ ਕਾਰਨਾਂ ਕਰਕੇ ਸਹਾਇਤਾ ਦੇ ਹੱਕਦਾਰ ਹੋਵੋਂ ਤਾਂ ਤੁਹਾਨੂੰ ਸਲਾਹ ਲੈਣੀ ਚਾਹੀਦੀ ਹੈ। ਜੇ ਤੁਸੀਂ ਜਾਂ ਜਿਸ ਵਿਅਕਤੀ ਨਾਲ ਤੁਸੀਂ ਰਹਿੰਦੇ ਹੋ ਉਹ ਕਮਜ਼ੋਰ ਹੈ ਤਾਂ ਤੁਹਾਡੇ ਮਾਮਲੇ ਦੇ ਸੰਬੰਧ ਵਿੱਚ ਤੁਹਾਡਾ ਡਾਕਟਰ, ਸਲਾਹਕਾਰ ਜਾਂ ਤੁਹਾਡਾ ਸੋਸ਼ਲ ਵਰਕਰ ਤੁਹਾਡੀ ਸਹਾਇਤਾ ਕਰ ਸਕਦਾ ਹੈ।

**ਕੌਂਸਲ, ਮੇਰੀ ਮਦਦ ਕਦੋਂ ਨਹੀਂ ਕਰੇਗੀ?**
ਜੇ ਕੌਂਸਲ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਤੁਸੀਂ "ਜਾਣਬੁੱਝ ਕੇ ਬੇਘਰ" ਹੋਏ ਹੋ ਤਾਂ ਸ਼ਾਇਦ ਉਹ ਤੁਹਾਡੀ ਸਹਾਇਤਾ ਨਾ ਕਰੇ। ਅਜਿਹਾ ਤਾਂ ਹੋ ਸਕਦਾ ਹੈ ਜੇ :

- ਤੁਸੀਂ ਉਹ ਘਰ ਛੱਡਣ ਦਾ ਫ਼ੈਸਲਾ ਕਰਦੇ ਹੋ, ਜਿੱਥੇ ਤੁਸੀਂ ਰਹਿ ਸਕਦੇ ਸੀ;
- ਤੁਸੀਂ ਆਪਣੇ ਕਸੂਰ ਕਰਕੇ ਆਪਣਾ ਘਰ ਖੋਹਿਆ ਸੀ;
- ਢੁਕਵੀਂ ਰਿਹਾਇਸ਼ ਲੈਣ ਵਿੱਚ ਕੌਂਸਲ ਨੇ ਤੁਹਾਡੀ ਮਦਦ ਕੀਤੀ ਸੀ, ਪਰ ਤੁਸੀਂ ਉਸ ਤੋਂ ਕੋਈ ਲਾਭ ਨਹੀਂ ਲਿਆ; ਜਾਂ
- ਸਿਸਟਮ ਦਾ ਗਲਤ ਫ਼ਾਇਦਾ ਲੈਣ ਲਈ ਤੁਸੀਂ ਆਪਣੇ ਆਪ ਨੂੰ ਬੇਘਰ ਕੀਤਾ ਹੈ।

ਮੈਂ ਸਮਝਦਾ ਹਾਂ ਕਿ ਕੌਂਸਲ ਨੂੰ ਇਹ ਕਲੇਮ ਨਹੀਂ ਕਰਨਾ ਚਾਹੀਦਾ ਕਿ ਤੁਸੀਂ "ਜਾਣਬੁੱਝ ਕੇ ਬੇਘਰ" ਹੋਏ ਹੋ ਜੇ :

- ਆਪਣੀ ਨੌਕਰੀ ਖੋਹ ਦੇਣ ਤੋਂ ਬਾਅਦ ਜਾਂ ਆਪਣਾ ਭੱਤਾ ਨਾ ਪ੍ਰਾਪਤ ਕਰਨ ਕਰਕੇ, ਜਦ ਕਿ ਉਹ ਤੁਹਾਨੂੰ ਮਿਲਣਾ ਚਾਹੀਦਾ ਸੀ, ਤੁਸੀਂ ਆਪਣਾ ਘਰ ਖੋਹ ਦਿੱਤਾ, ਕਿਉਂ ਕਿ ਤੁਸੀਂ ਆਪਣਾ ਕਿਰਾਇਆ ਜਾਂ ਮੌਰਗੇਜ ਨਹੀਂ ਦੇ ਸਕੇ;
- ਤੁਹਾਡਾ ਘਰ ਰਹਿਣ ਦੇ ਯੋਗ ਨਹੀਂ ਸੀ ; ਜਾਂ
- ਤੁਹਾਨੂੰ ਰਹਿਣ ਦੇ ਆਪਣੇ ਅਧਿਕਾਰਾਂ ਬਾਰੇ ਪਤਾ ਨਹੀਂ ਸੀ।

ਜੇ ਕੌਂਸਲ ਕਹਿੰਦੀ ਹੈ ਕਿ ਤੁਸੀਂ ਜਾਣ-ਬੁੱਝ ਕੇ ਬੇਘਰ ਹੋਏ ਹੋ ਤਾਂ ਵੀ ਜੇ ਤੁਸੀਂ "ਤਰਜੀਹੀ ਲੋੜ" ਦੀ ਸ਼੍ਰੇਣੀ ਵਿੱਚ ਆਉਂਦੇ ਹੋ, ਕੌਂਸਲ ਨੂੰ ਤੁਹਾਨੂੰ ਥੋੜ੍ਹੇ ਸਮੇਂ ਲਈ ਰਹਿਣ ਲਈ ਥਾਂ ਦੇਣੀ ਪਵੇਗੀ। ਪਰ ਅਜਿਹਾ ਤੁਹਾਡੇ ਰਹਿਣ ਲਈ ਕਿੱਤੇ ਹੋਰ ਥਾਂ ਲੱਭਣ ਤੱਕ ਹੀ ਕੀਤਾ ਜਾਵੇਗਾ।

ਕਿਉਂ ਕਿ ਇਸ ਚੀਜ਼ ਨਾਲ ਸੰਬੰਧਿਤ ਕਾਨੂੰਨ ਗੁੰਝਲਦਾਰ ਹੈ, ਇਸ ਲਈ ਅੱਗੇ ਕੀ ਕਰਨਾ ਹੈ, ਇਸ ਬਾਰੇ ਕਿਸੇ ਮਾਹਰ ਤੋਂ ਸਲਾਹ-ਮਸ਼ਵਰਾ ਲਵੋ।

**ਜੇ ਮੇਰਾ ਮਕਾਨ-ਮਾਲਕ ਚਾਹੁੰਦਾ ਹੈ ਕਿ ਮੈਂ ਆਪਣਾ ਘਰ ਛੱਡ ਕੇ ਚਲਾ ਜਾਵਾਂ ਤਾਂ ਕੀ ਹੁੰਦਾ ਹੈ?**

ਜੇ ਤੁਹਾਡਾ ਮਾਕਨ-ਮਾਲਕ (ਚਾਹੇ ਉਹ ਪ੍ਰਾਈਵੇਟ ਹੈ, ਕੌਂਸਲ ਹੈ ਜਾਂ ਕੋਈ ਰਿਹਾਇਸ਼ੀ ਸੰਸਥਾ ਹੈ) ਚਾਹੁੰਦਾ ਹੈ ਕਿ ਤੁਸੀਂ ਆਪਣਾ ਘਰ ਛੱਡ ਕੇ ਚਲੇ ਜਾਓ ਤਾਂ ਜ਼ਿਆਦਾਤਰ ਮਾਮਲਿਆਂ ਵਿੱਚ ਤੁਹਾਨੂੰ ਉਦੋਂ ਤੱਕ ਆਪਣੇ ਘਰ ਵਿੱਚ ਰਹਿਣ ਦਾ ਹੱਕ ਹੈ, ਜਦ ਤੱਕ ਕਿ ਉਹ ਕਚਹਿਰੀ ਤੋਂ "ਕਬਜ਼ਾ ਕਰਨ ਦਾ ਹੁਕਮ" ਨਹੀਂ ਲੈ ਲੈਂਦਾ। ਆਮ ਤੌਰ ਤੇ ਉਸ ਨੂੰ ਤੁਹਾਨੂੰ ਨੋਟਿਸ ਦੇਣਾ ਪਵੇਗਾ ਕਿ ਉਹ ਅਜਿਹਾ ਕਰ ਰਿਹਾ ਹੈ, ਜਦ ਕਿ ਉਹ ਗੈਰ-ਸਮਾਜੀ ਵਰਤਾਓ ਕਾਰਨ ਤੁਹਾਨੂੰ ਘਰ ਛੱਡ ਕੇ ਜਾਣ ਲਈ ਨਾ ਕਹਿੰਦਾ ਹੋਵੇ।

ਜੇ ਤੁਸੀਂ ਆਪਣੇ ਘਰ ਜਾਂ ਫ਼ਲੈਟ ਵਿੱਚ ਰਹਿਣ ਵਾਲੀ ਥਾਂ ਦੀ ਵਰਤੋਂ ਆਪਣੇ ਮਾਕਨ-ਮਾਲਕ ਨਾਲ ਮਿਲ ਕੇ ਕਰਦੇ ਹੋ ਤਾਂ ਤੁਹਾਡੇ ਮਕਾਨ-ਮਾਲਕ ਨੂੰ ਕਬਜ਼ਾ ਕਰਨ ਦਾ ਹੁਕਮ ਲੈਣ ਦੀ ਲੋੜ ਨਹੀਂ ਹੋਵੇਗੀ। ਇਸ ਹਾਲਤ ਵਿੱਚ ਉਸ ਨੂੰ ਤੁਹਾਨੂੰ ਘਰ ਛੱਡ ਕੇ ਜਾਣ ਲਈ ਸਿਰਫ਼ "ਉਚਿਤ" ਸਮੇਂ ਦਾ ਨੋਟਿਸ ਦੇਣਾ ਪਵੇਗਾ।

**ਜੇ ਮੇਰਾ ਮਕਾਨ-ਮਾਲਕ ਮੈਨੂੰ ਆਪਣੇ ਘਰ 'ਚੋਂ ਬੇਦਖ਼ਲ ਕਰਨਾ ਚਾਹੁੰਦਾ ਹੈ ਤਾਂ ਕੀ ਹੁੰਦਾ ਹੈ?**

ਕਚਹਿਰੀ ਦੇ ਹੁਕਮ ਤੋਂ ਬਿਨਾਂ ਕਿਸੇ ਕਿਰਾਏਦਾਰ ਨੂੰ ਘਰ ਤੋਂ ਬੇਦਖ਼ਲ ਕਰਨਾ, ਮਕਾਨ-ਮਾਲਕ ਲਈ ਗੈਰ-ਕਾਨੂੰਨੀ ਹੈ ਅਤੇ ਇਸ ਵਿੱਚ ਤੁਹਾਡੇ ਘਰ ਤੋਂ ਬਾਹਰ ਹੋਣ ਵੇਲੇ ਦਰਵਾਜ਼ਿਆਂ ਦੇ ਤਾਲੇ ਬਦਲਣੇ ਵੀ ਸ਼ਾਮਲ ਹਨ। ਤਾਂ ਵੀ, ਜੇ ਤੁਸੀਂ ਕਿਸੇ ਅਜਿਹੇ ਮਕਾਨ ਜਾਂ ਫ਼ਲੈਟ ਵਿੱਚ ਰਹਿੰਦੇ ਹੋ, ਜਿੱਥੇ ਤੁਸੀਂ ਰਹਿਣ ਵਾਲੀ ਥਾਂ ਦੀ ਵਰਤੋਂ ਆਪਣੇ ਮਾਕਨ-ਮਾਲਕ ਨਾਲ ਮਿਲ ਕੇ ਕਰਦੇ ਹੋ ਜਾਂ ਤੁਹਾਡਾ ਮਕਾਨ-ਮਾਲਕ ਤੁਹਾਨੂੰ ਖਾਣਾ ਦਿੰਦਾ ਹੈ ਜਾਂ ਤੁਹਾਡਾ ਕਮਰਾ ਸਾਫ਼ ਕਰਦਾ ਹੈ ਤਾਂ ਉਸ ਨੂੰ ਕਬਜ਼ਾ ਕਰਨ ਦਾ ਹੁਕਮ ਲੈਣ ਦੀ ਲੋੜ ਨਹੀਂ ਹੋਵੇਗੀ। ਇਸ ਹਾਲਤ ਵਿੱਚ ਉਸ ਨੂੰ ਤੁਹਾਨੂੰ ਘਰ ਛੱਡ ਕੇ ਜਾਣ ਲਈ ਸਿਰਫ਼ "ਉਚਿਤ" ਸਮੇਂ ਦਾ ਨੋਟਿਸ ਦੇਣਾ ਪਵੇਗਾ।

**ਜੇ ਮੇਰਾ ਮਕਾਨ-ਮਾਲਕ ਮੈਨੂੰ ਪਰੇਸ਼ਾਨ ਕਰ ਰਿਹਾ ਹੈ ਤਾਂ ਮੈਂ ਕੀ ਕਰ ਸਕਦਾ ਹਾਂ?**

ਜੇ ਤੁਹਾਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਜਾਂ ਤੁਹਾਨੂੰ ਕੋਈ ਪ੍ਰਾਈਵੇਟ ਮਕਾਨ-ਮਾਲਕ ਘਰ ਤੋਂ ਗੈਰ-ਕਾਨੂੰਨੀ ਤੌਰ ਤੇ ਬੇਦਖ਼ਲ ਕਰਨਾ ਚਾਹੁੰਦਾ ਹੈ ਤਾਂ ਤੁਸੀਂ ਆਪਣੀ ਸਥਾਨਕ ਕੌਂਸਲ ਵਿੱਚ ਕਿਰਾਏਦਾਰੀ ਸੰਬੰਧਾਂ ਦੇ ਅਫ਼ਸਰ (ਜਾਂ ਪਰੇਸ਼ਾਨੀ ਜਾਂ ਗੈਰ-ਕਾਨੂੰਨੀ ਬੇਦਖ਼ਲੀ ਦੇ ਮਾਮਲਿਆਂ ਨਾਲ ਨਿੱਪਟਣ ਵਾਲੇ ਵਿਅਕਤੀ) ਨਾਲ ਸੰਪਰਕ ਕਰੋ।

ਤੁਸੀਂ ਕਚਹਿਰੀ ਰਾਹੀਂ ਆਪ ਵੀ ਕਾਰਵਾਈ ਕਰ ਸਕਦੇ ਹੋ, ਪਰ ਅਜਿਹਾ ਕਰਨ ਲਈ ਤੁਹਾਨੂੰ ਕਿਸੇ ਮਾਹਰ ਤੋਂ ਕਾਨੂੰਨੀ ਸਹਾਇਤਾ ਲੈਣੀ ਪਵੇਗੀ।



# ਪਨਾਹ ਲੈਣੀ

### ਪਨਾਹ ਲੈਣ ਦਾ ਹੱਕਦਾਰ ਕੌਣ ਹੈ?

ਪਨਾਹ ਲੈਣ ਦਾ ਹੱਕਦਾਰ ਬਣਨ ਲਈ, ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਪਨਾਹਗੀਰ ਹੋ। ਪਨਾਹਗੀਰ ਉਸ ਨੂੰ ਕਿਹਾ ਜਾਂਦਾ ਹੈ, ਜਿਹੜਾ ਹੇਠ ਲਿਖੀਆਂ ਹੋਈਆਂ ਚੀਜ਼ਾਂ ਦੇ ਆਧਾਰ ਤੇ ਤਸ਼ੱਦਦ ਹੋਣ ਦੇ ਡਰ ਕਾਰਨ ਆਪਣੇ ਦੇਸ਼ ਤੋਂ ਬਾਹਰ ਹੈ :

- ਨਸਲ;
- ਧਰਮ;
- ਕੌਮੀਅਤ;
- ਕਿਸੇ ਵਿਸ਼ੇਸ਼ ਸਮਾਜਿਕ ਗਰੁੱਪ ਦਾ ਮੈਂਬਰ; ਜਾਂ
- ਰਾਜਨੀਤਕ ਵਿਚਾਰ।

### ਮੈਨੂੰ ਕੀ ਕਰਨਾ ਚਾਹੀਦਾ ਹੈ?

ਪਨਾਹ ਲੈਣ ਲਈ ਅਰਜ਼ੀ ਦੇਣ ਵਾਸਤੇ ਵਿਸ਼ੇਸ਼ੱਗ ਸਹਾਇਤਾ ਲੈਣੀ ਜ਼ਰੂਰੀ ਹੈ। ਛੇਤੀ ਤੋਂ ਛੇਤੀ ਸਲਾਹ-ਮਸ਼ਵਰਾ ਲਵੋ। ਤੁਹਾਨੂੰ ਉਦੋਂ ਤੱਕ ਤੁਹਾਡੇ ਮੂਲ ਦੇਸ਼ ਵਿੱਚ ਵਾਪਸ ਨਹੀਂ ਭੇਜਿਆ ਜਾਵੇਗਾ, ਜਦ ਤੱਕ ਇਹ ਨਾ ਦਿਖਾਇਆ ਜਾਵੇ ਕਿ ਉੱਥੇ ਤੁਹਾਨੂੰ ਬਹੁਤ ਥੋੜ੍ਹਾ ਜਾਂ ਬਿਲਕੁਲ ਖ਼ਤਰਾ ਨਹੀਂ ਹੈ। ਤੁਹਾਡੇ ਕਲੇਮ ਬਾਰੇ ਵਿਚਾਰ ਕਰਨ ਤੋਂ ਬਿਨਾਂ ਹੀ ਤੁਹਾਨੂੰ ਕਿਸੇ ਹੋਰ ਸੁਰੱਖਿਅਤ ਦੇਸ਼ ਵਿੱਚ ਵਾਪਸ ਭੇਜਿਆ ਜਾ ਸਕਦਾ ਹੈ। ਤਹਾਨੂੰ ਇਹ ਦਿਖਾਉਣਾ ਪਵੇਗਾ ਕਿ ਤੁਹਾਡੇ ਤੇ ਤਸ਼ੱਦਦ ਕੀਤੇ ਜਾਣ ਦੀ ਗੰਭੀਰ ਸੰਭਾਵਨਾ ਹੈ।

### ਮੈਂ ਪਨਾਹ ਲੈਣ ਲਈ ਅਰਜ਼ੀ ਕਿਵੇਂ ਦਿਆਂ?

ਪਨਾਹ ਲੈਣ ਲਈ ਤੁਸੀਂ ਕਿਸੇ ਵੀ ਸਮੇਂ ਅਰਜ਼ੀ ਦੇ ਸਕਦੇ ਹੋ, ਪਰ ਆਮ ਤੌਰ ਤੇ ਤੁਹਾਨੂੰ ਅਜਿਹਾ ਯੂ.ਕੇ. ਦੇ ਹਵਾਈ ਅੱਡੇ ਤੇ ਜਾਂ ਸਮੁੰਦਰੀ ਬੰਦਰਗਾਹ ਤੇ ਪਹਿਲੀ ਵਾਰ ਪਹੁੰਚਣ ਤੇ ਕਰਨਾ ਚਾਹੀਦਾ ਹੈ ਜਾਂ ਜੇ ਤੁਸੀਂ ਵਿਦਿਆਰਥੀ ਵਜੋਂ ਇੱਥੇ ਪਹਿਲਾਂ ਤੋਂ ਹੀ ਕਾਨੂੰਨੀ ਤੌਰ ਤੇ ਰਹਿ ਰਹੇ ਹੋ ਤਾਂ ਕਰਨਾ ਚਾਹੀਦਾ ਹੈ ਜਾਂ ਪਨਾਹ ਲੈਣ ਲਈ ਤੁਹਾਨੂੰ ਉਦੋਂ ਅਰਜ਼ੀ ਦੇਣੀ ਚਾਹੀਦੀ ਹੈ, ਜਦੋਂ ਤੁਹਾਡੇ ਆਪਣੇ ਦੇਸ਼ ਵਿੱਚ ਤੁਹਾਡੇ ਤੇ ਤਸ਼ੱਦਦ ਹੋਣ ਦਾ ਡਰ ਪੈਦਾ ਹੁੰਦਾ ਹੈ।

### ਮੈਂ ਅਰਜ਼ੀ ਕਿੱਥੇ ਦਿਆਂ?

- ਜਦੋਂ ਤੁਸੀਂ ਪਹਿਲੀ ਵਾਰ ਪਹੁੰਚਦੇ ਹੋ ਤਾਂ ਹਵਾਈ-ਅੱਡੇ ਤੇ ਜਾਂ ਸਮੁੰਦਰੀ ਬੰਦਰਗਾਹ ਤੇ ਡਿਊਟੀ ਤੇ ਤਾਇਨਾਤ ਆਵਾਸੀ ਅਫ਼ਸਰ ਨੂੰ; ਜਾਂ
- ਜੇ ਤੁਸੀਂ ਪਹਿਲਾਂ ਤੋਂ ਹੀ ਯੂ.ਕੇ. ਵਿੱਚ ਹੋ ਤਾਂ ਹੋਮ ਔਫ਼ਿਸ ਵਿਖੇ, ਲਿਵਰਪੂਲ ਜਾਂ ਕਰੌਏਡਨ ਵਿੱਚ ਅਸਾਈਲਮ ਸਕਰ੍ਰੀਨਿੰਗ ਯੂਨਿਟ ਵਿਖੇ ਅਰਜ਼ੀ ਦੇਣੀ ਚਾਹੀਦੀ ਹੈ।

### ਜਦੋਂ ਮੈਂ ਉਡੀਕ ਕਰ ਰਿਹਾ ਹਾਂ, ਉਦੋਂ ਮੈਂ ਕਿਸ ਚੀਜ਼ ਤੇ ਗੁਜ਼ਾਰਾ ਕਰਾਂ?

ਜਦ ਤੱਕ ਤੁਹਾਡੇ ਮਾਮਲੇ ਬਾਰੇ ਵਿਚਾਰ ਕੀਤੀ ਜਾ ਰਹੀ ਹੈ, ਜੇ ਤੁਹਾਡੇ ਕੋਲ ਕੋਈ ਪੈਸੇ ਨਹੀਂ ਹਨ ਤਾਂ ਤੁਸੀਂ ਸਹਾਇਤਾ ਲੈਣ ਲਈ ਕਲੇਮ ਕਰ ਸਕਦੇ ਹੋ।

### ਮੈਂ ਵਧੇਰੇ ਸਹਾਇਤਾ ਕਿੱਥੋਂ ਲੈ ਸਕਦਾ ਹਾਂ?

ਜੇ ਤੁਹਾਨੂੰ ਆਪਣੀ ਪ੍ਰਤਿਨਿਧਤਾ ਕਰਨ ਲਈ ਮੁਫ਼ਤ ਕਿਸੇ ਕਾਨੂੰਨੀ ਪ੍ਰਤਿਨਿਧੀ ਦੀ ਲੋੜ ਹੈ ਤਾਂ ਤੁਸੀਂ ਭਾਈਚਾਰਕ ਕਾਨੂੰਨੀ ਸੇਵਾ ਰਾਹੀਂ ਕੋਈ ਪ੍ਰਤਿਨਿਧੀ ਲੱਭ ਸਕਦੇ ਹੋ। ਇੱਥੇ ਹੋਰ ਵੀ ਸੰਸਥਾਵਾਂ ਹਨ, ਜਿਹੜੀਆਂ ਆਵਾਸ ਅਤੇ ਪਨਾਹ ਸੰਬੰਧੀ ਮਾਮਲਿਆਂ ਬਾਰੇ ਮਾਹਰ ਸਲਾਹ ਦੇ ਸਕਦੀਆਂ ਹਨ।



## ਆਵਾਸ ਅਤੇ ਕੌਮੀਅਤ

**ਕੀ ਯੂ.ਕੇ. ਵਿੱਚ ਆਉਣ ਲਈ ਮੈਨੂੰ ਆਗਿਆ ਲੈਣ ਦੀ ਲੋੜ ਹੈ?**
ਜੇ ਤੁਸੀਂ ਯੂ.ਕੇ. ਦੇ ਨਾਗਰਿਕ ਨਹੀਂ ਹੋ ਜਾਂ ਕਿਸੇ ਕਾਮਨਵੈੱਲਥ ਦੇਸ਼ ਤੋਂ ਨਹੀਂ ਹੋ ਤਾਂ ਇੱਥੇ ਰਹਿਣ ਲਈ ਤੁਹਾਨੂੰ ਆਗਿਆ ਲੈਣ ਦੀ ਲੋੜ ਹੋਵੇਗੀ ਅਤੇ ਕੁਝ ਲੋਕਾਂ ਨੂੰ ਯੂ.ਕੇ. ਵਿੱਚ ਦਾਖ਼ਲ ਹੋਣ ਲਈ ਵੀਜ਼ਾ ਲੈਣ ਦੀ ਲੋੜ ਹੋਵੇਗੀ।

**ਜੇ ਮੈਂ ਯੂਰਪੀਅਨ ਆਰਥਿਕ ਖੇਤਰ ਵਿੱਚਲੇ ਕਿਸੇ ਦੇਸ਼ ਦਾ ਨਾਗਰਿਕ ਹਾਂ ਤਾਂ ਕੀ ਹੁੰਦਾ ਹੈ?**
ਤਾਂ ਤੁਸੀਂ ਬਿਨਾਂ ਕਿਸੇ ਰੋਕ-ਟੋਕ ਤੋਂ ਯੂ.ਕੇ. ਵਿੱਚ ਆ ਸਕਦੇ ਹੋ ਅਤੇ ਰਹਿ ਸਕਦੇ ਹੋ।

**ਜੇ ਮੈਂ ਯੂ.ਕੇ. ਵਿੱਚ ਕੰਮ ਕਰਨਾ ਚਾਹੁੰਦਾ ਹਾਂ ਤਾਂ ਕੀ ਹੁੰਦਾ ਹੈ?**
ਤੁਹਾਨੂੰ ਵਰਕ ਪਰਮਿਟ ਦੀ ਲੋੜ ਹੋਵੇਗੀ। ਜਿਸ ਕੰਪਨੀ ਲਈ ਤੁਸੀਂ ਕੰਮ ਕਰਨ ਜਾ ਰਹੇ ਹੋ, ਉਸ ਕੰਪਨੀ ਨੂੰ ਵਰਕ ਪਰਮਿਟ ਲੈਣ ਲਈ ਅਰਜ਼ੀ ਦੇਣੀ ਪਵੇਗੀ, ਫ਼ਿਰ ਤੁਹਾਨੂੰ ਰਹਿਣ ਦੀ ਆਗਿਆ ਲੈਣ ਲਈ ਅਰਜ਼ੀ ਦੇਣੀ ਪਵੇਗੀ।

**ਜਿੰਨੀ ਦੇਰ ਲਈ ਮੈਨੂੰ ਇੱਥੇ ਰਹਿਣ ਦੀ ਸ਼ੁਰੂ ਵਿੱਚ ਆਗਿਆ ਦਿੱਤੀ ਗਈ ਸੀ, ਜੇ ਮੈਂ ਉਸ ਤੋਂ ਜ਼ਿਆਦਾ ਦੇਰ ਰਹਿਣਾ ਚਾਹੁੰਦਾ ਹਾਂ ਤਾਂ ਕੀ ਮੈਂ ਕੁਝ ਕਰ ਸਕਦਾ ਹਾਂ?**
ਜਿੰਨੀ ਦੇਰ ਲਈ ਮੈਨੂੰ ਇੱਥੇ ਰਹਿਣ ਦੀ ਆਗਿਆ ਦਿੱਤੀ ਗਈ ਸੀ, ਉਹ ਮੁੱਕਣ ਤੋਂ ਪਹਿਲਾਂ ਤੁਹਾਨੂੰ ਹੋਮ ਔਫ਼ਿਸ ਨੂੰ ਅਰਜ਼ੀ ਦੇਣੀ ਪਵੇਗੀ।

ਸਲਾਹ-ਮਸ਼ਵਰਾ ਲੈਣ ਲਈ, ਜਿਹਨਾਂ ਸੰਸਥਾਵਾਂ ਨਾਲ ਤੁਸੀਂ ਸੰਪਰਕ ਕਰ ਸਕਦੇ ਹੋ, ਉਹਨਾਂ ਦੇ ਵੇਰਵੇ ਬਾਰੇ ਪਤਾ ਕਰਨ ਲਈ, ਵਧੇਰੇ ਜਾਣਕਾਰੀ ਦੇਣ ਵਾਲੇ ਪਰਚੇ ਪੜ੍ਹੋ।

## ਅਪਾਹਜ ਲੋਕਾਂ ਦੇ ਅਧਿਕਾਰ

ਜੇ ਤੁਹਾਨੂੰ ਸਿਰਫ਼ ਅਪਾਹਜਪੁਣਾ ਹੋਣ ਕਰਕੇ ਹੀ ਤੁਹਾਡੇ ਨਾਲ ਕਿਸੇ ਹੋਰ ਨਾਲੋਂ ਘੱਟ ਲਿਹਾਜ਼ ਵਾਲਾ ਵਰਤਾਓ ਕੀਤਾ ਗਿਆ ਹੈ ਤਾਂ ਡਿਸਏਬਿੱਲਿਟੀ ਡਿਸਕ੍ਰੀਮੀਨੇਸ਼ਨ ਐਕਟ 1995 ਤੁਹਾਡੀ ਰੱਖਿਆ ਕਰਦਾ ਹੈ।

**ਐਲੀਸਨ, ਕਿਸ ਚੀਜ਼ ਨੂੰ ਅਪਾਹਜਪੁਣਾ ਸਮਝਿਆ ਜਾਂਦਾ ਹੈ?**
ਸਰੀਰਕ ਜਾਂ ਮਾਨਸਿਕ ਨੁਕਸ, ਜਿਸ ਨਾਲ ਰੋਜ਼ਾਨਾ ਦੇ ਕੰਮਾਂ ਤੇ ਮਹੱਤਵਪੂਰਣ ਅਤੇ ਲੰਬੇ ਸਮੇਂ ਲਈ ਬੁਰਾ ਅਸਰ ਪੈਂਦਾ ਹੈ।

**ਵਿਤਕਰਾ ਕਦੋਂ ਹੋ ਸਕਦਾ ਹੈ?**
ਇਹ ਕੰਮ ਤੇ, ਸਕੂਲ ਜਾਂ ਕਾਲਜ ਵਿੱਚ, ਚੀਜ਼ਾਂ ਜਾਂ ਸੇਵਾਵਾਂ ਖ਼ਰੀਦਣ ਜਾਂ ਵਰਤਣ ਵੇਲੇ ਜਾਂ ਕਿਤੇ ਰਹਿਣ ਲਈ ਥਾਂ ਖ਼ਰੀਦਣ ਜਾਂ ਕਿਰਾਏ ਤੇ ਲੈਣ ਵੇਲੇ ਹੋ ਸਕਦਾ ਹੈ।

**ਰੋਜ਼ਾਨਾ ਦੀਆਂ ਸਰਗਰਮੀਆਂ ਕਿਹੜੀਆਂ ਹੁੰਦੀਆਂ ਹਨ?**
ਘੁੰਮਣਾ-ਫ਼ਿਰਨਾ, ਆਪਣੇ ਹੱਥਾਂ ਦੀ ਵਰਤੋਂ ਕਰਨੀ, ਚੁੱਕਣਾ, ਸਰੀਰਕ ਤਾਲ-ਮੇਲ, ਸਰੀਰਕ ਦੇ ਅੰਗਾਂ ਨਾਲ ਕੰਮ ਕਰਨ ਵੇਲੇ ਉਹਨਾਂ ਤੇ ਕੰਟਰੋਲ, ਬੋਲਣਾ, ਸੁਣਨਾ ਅਤੇ ਨਜ਼ਰ, ਯਾਦ-ਸ਼ਕਤੀ ਅਤੇ ਧਿਆਨ ਜਮਾਉਣਾ ਆਦਿ।

**ਜੇ ਮੈਂ ਸਮਝਦਾ ਹਾਂ ਕਿ ਮੇਰੇ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਮੈਂ ਕੀ ਕਰ ਸਕਦਾ ਹਾਂ?**
ਤੁਸੀਂ ਕਚਹਿਰੀ ਵਿੱਚ ਜਾਂ ਐਂਪਲਾਇਮੈਂਟ ਟ੍ਰਿਬਿਊਨਲ ਕੋਲ ਕਲੇਮ ਕਰ ਸਕਦੇ ਹੋ। ਇਸ ਸੀ.ਡੀ. ਦੇ ਨਾਲ ਦਿੱਤੇ ਗਏ ਵਧੇਰੇ ਸਹਾਇਤਾ ਬਾਰੇ ਪਰਚੇ ਵਿੱਚ ਲਿਖੀਆਂ ਹੋਈਆਂ ਸੰਸਥਾਵਾਂ ਤੋਂ ਸਲਾਹ ਅਤੇ ਸਹਾਇਤਾ ਲੈ ਸਕਦੇ ਹੋ।

## ਨਸਲ ਦੇ ਆਧਾਰ ਤੇ ਵਿਤਕਰਾ

ਵਿਤਕਰਾ ਉਦੋਂ ਹੁੰਦਾ ਹੈ, ਜਦੋਂ ਉਸੀ ਜਾਂ ਉਸੇ ਤਰ੍ਹਾਂ ਦੇ ਹਾਲਾਤ ਵਿੱਚ ਕਿਸੇ ਨਾਲ ਘੱਟ ਲਿਹਾਜ਼ ਨਾਲ ਵਰਤਾਓ ਕੀਤਾ ਜਾਂਦਾ ਹੈ।

**ਸੋ ਨਸਲੀ ਵਿਤਕਰਾ ਕੀ ਹੈ?**
ਨਸਲੀ ਵਿਤਕਰਾ ਉਦੋਂ ਹੁੰਦਾ ਹੈ, ਜਦੋਂ ਤੁਹਾਡੀ ਨਸਲ, ਤੁਹਾਡੇ ਰੰਗ, ਕੌਮੀਅਤ ਜਾਂ ਨਸਲੀ ਮੂਲ ਕਰਕੇ ਤੁਹਾਡੇ ਨਾਲ ਘੱਟ ਲਿਹਾਜ਼ ਨਾਲ ਵਰਤਾਓ ਕੀਤਾ ਜਾਂਦਾ ਹੈ

**ਕੀ ਇਹ ਨਸਲੀ ਦੁਰਵਿਵਹਾਰ ਵਰਗਾ ਹੀ ਹੈ?**
ਨਹੀਂ। ਨਸਲੀ ਦੁਰਵਿਵਹਾਰ ਇਕ ਜੁਰਮ ਹੈ, ਇਸ ਲਈ ਜੇ ਤੁਹਾਡੇ ਤੇ ਹਮਲਾ ਕੀਤਾ ਗਿਆ ਹੈ ਤਾਂ ਤੁਹਾਨੂੰ ਪੁਲੀਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਜੇ ਮੇਰੀ ਨਸਲ ਕਾਰਨ ਮੇਰੇ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**
ਤੁਸੀਂ ਟਰੇਡ ਯੂਨੀਅਨ, ਸਥਾਨਕ ਲਾਅ ਸੈਂਟਰ, ਸਿਟੀਜ਼ਨ ਐਡਵਾਇਸ ਬਿਊਰੋ ਜਾਂ ਕਿਸੇ ਵਕੀਲ ਤੋਂ ਸਲਾਹ-ਮਸ਼ਵਰਾ ਲੈ ਸਕਦੇ ਹੋ।

ਇਸ ਸੀ.ਡੀ. ਦੇ ਨਾਲ ਦਿੱਤੇ ਗਏ ਵਧੇਰੇ ਸਹਾਇਤਾ ਬਾਰੇ ਪਰਚੇ ਵਿੱਚ ਲਿਖੀਆਂ ਹੋਈਆਂ ਥਾਵਾਂ ਤੋਂ ਸਲਾਹ ਅਤੇ ਮਦਦ ਲੈ ਸਕਦੇ ਹੋ।

## ਪੁਲੀਸ ਨਾਲ ਨਿੱਪਟਣਾ

ਜੇ ਪੁਲੀਸ ਵਾਲੇ ਸਮਝਦੇ ਹਨ ਕਿ ਤੁਸੀਂ ਕੋਈ ਜੁਰਮ ਕੀਤਾ ਹੈ ਜਾਂ ਕੋਈ ਜੁਰਮ ਕਰਨ ਵਾਲੇ ਹੋ ਤਾਂ ਉਹਨਾਂ ਕੋਲ ਅਜਿਹੇ ਅਧਿਕਾਰ ਹੁੰਦੇ ਹਨ, ਜਿਹਨਾਂ ਦੀ ਉਹ ਵਰਤੋਂ ਕਰ ਸਕਦੇ ਹਨ **ਪਰ ਜੇ ਮੈਨੂੰ ਪੁਲੀਸ ਬਾਰੇ ਕੋਈ ਸ਼ਿਕਾਇਤ ਹੈ ਤਾਂ ਮੈਂ ਕੀ ਕਰ ਸਕਦਾ ਹਾਂ?**
ਪੁਲੀਸ ਨੂੰ ਤੁਹਾਡੇ ਨਾਲ ਨਿਮਰਤਾ ਨਾਲ ਅਤੇ ਸਤਿਕਾਰ ਨਾਲ ਵਰਤਾਓ ਕਰਨਾ ਚਾਹੀਦਾ ਹੈ, ਪਰ ਜੇ ਕੋਈ ਪੁਲੀਸ ਅਫ਼ਸਰ ਤੁਹਾਡੇ ਨਾਲ ਬੁਰਾ ਵਰਤਾਓ ਕਰਦਾ ਹੈ ਤਾਂ ਤੁਸੀਂ ਇੰਡੀਪੈਂਡੈਂਟ ਪੁਲੀਸ ਕੰਪਲੇਂਟ ਕਮਿਸ਼ਨ ਕੋਲ ਉਸ ਅਫ਼ਸਰ ਦੀ ਸ਼ਿਕਾਇਤ ਕਰ ਸਕਦੇ ਹੋ। ਉਹਨਾਂ ਦਾ ਵੇਰਵਾ ਤੁਸੀਂ ਵਧੇਰੇ ਸਹਾਇਤਾ ਨਾਲ ਸੰਬੰਧਿਤ ਪਰਚਿਆਂ 'ਚੋਂ ਲੈ ਸਕਦੇ ਹੋ।

**ਕੀ ਇੱਥੇ ਹੋਰ ਕੋਈ ਚੀਜ਼ ਵੀ ਹੈ, ਜਿਹੜੀ ਮੈਂ ਕਰ ਸਕਦਾ ਹਾਂ?**
ਮੁਆਵਜ਼ੇ ਦਾ ਕਲੇਮ ਕਰਨ ਲਈ ਤੁਸੀਂ ਕਾਨੂੰਨੀ ਕਾਰਵਾਈ ਕਰ ਸਕਦੇ ਹੋ। ਅਜਿਹਾ ਕਰਨ ਲਈ ਕਿਸੇ ਵਕੀਲ ਤੋਂ ਸਲਾਹ-ਮਸ਼ਵਰਾ ਲੈਣਾ ਠੀਕ ਹੋਵੇਗਾ।

ਕਮਿਊਨਿਟੀ ਲੀਗਲ ਸਰਵਿਸ ਡਾਇਰੈਕਟ ਨਾਲ ਸੰਪਰਕ ਕਰਕੇ ਤੁਸੀਂ ਸਥਾਨਕ ਵਲੀਕ ਬਾਰੇ ਪਤਾ ਕਰ ਸਕਦੇ ਹੋ, ਉਹਨਾਂ ਦਾ ਵੇਰਵਾ, ਇਸ ਸੀ.ਡੀ. ਦੇ ਨਾਲ ਦਿੱਤੇ ਗਏ ਵਧੇਰੇ ਸਹਾਇਤਾ ਬਾਰੇ ਪਰਚੇ ਵਿੱਚ ਲਿਖਿਆ ਹੋਇਆ ਹੈ।



## ਗੁਆਂਢ ਅਤੇ ਭਾਈਚਾਰੇ ਦੇ ਝਗੜੇ

ਰੌਲਾ-ਰੱਪਾ, ਪਾਰਕਿੰਗ, ਪਾਲਤੂ ਜਾਨਵਰ, ਰਸਤੇ ਅਤੇ ਉੱਚੀਆਂ ਵਾੜਾਂ ਆਦਿ ਚੀਜ਼ਾਂ ਤੋਂ ਅਕਸਰ ਗੁਆਂਢ ਜਾਂ ਭਾਈਚਾਰੇ ਦੇ ਝਗੜੇ ਪੈਦਾ ਹੋ ਜਾਂਦੇ ਹਨ।

**ਸੋ ਜੇ ਮੇਰਾ ਆਪਣੇ ਗੁਆਂਢੀ ਨਾਲ ਕੋਈ ਝਗੜਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**
ਸਮੱਸਿਆ ਪੈਦਾ ਕਰਨ ਵਾਲੇ ਵਿਅਕਤੀ ਨਾਲ ਗੱਲ-ਬਾਤ ਕਰਨ ਦੀ ਕੋਸ਼ਿਸ਼ ਕਰਨੀ ਸਭ ਤੋਂ ਚੰਗੀ ਗੱਲ ਹੈ, ਹੋ ਸਕਦਾ ਹੈ ਕਿ ਉਹ ਇਹ ਮਹਿਸੂਸ ਹੀ ਨਾ ਕਰਦੇ ਹੋਣ ਕਿ ਉਹ ਤੁਹਾਨੂੰ ਪਰੇਸ਼ਾਨ ਕਰ ਰਹੇ ਹਨ।

**ਜੇ ਅਜਿਹਾ ਕਰਨ ਨਾਲ ਕੋਈ ਲਾਭ ਨਹੀਂ ਹੁੰਦਾ ਤਾਂ ਮੈਂ ਹੋਰ ਕੀ ਕਰ ਸਕਦਾ ਹਾਂ?**
ਤੁਸੀਂ ਸਾਲਸੀ ਸੇਵਾ ਨਾਲ ਸੰਪਰਕ ਕਰ ਸਕਦੇ ਹੋ। ਉਹ ਇਸ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਨਾਲ ਗੱਲ-ਬਾਤ ਕਰਨਗੇ ਅਤੇ ਸਮੱਸਿਆ ਹੱਲ ਕਰਨ ਦੀ ਕੋਸ਼ਿਸ਼ ਕਰਨਗੇ।

**ਮੈਂ ਇਹ ਕਿਵੇਂ ਕਰ ਸਕਦਾ ਹਾਂ?**
ਵਧੇਰੇ ਸਹਾਇਤਾ ਬਾਰੇ ਪਰਚੇ ਵਿੱਚ ਲਿਖੀ ਹੋਈ ਮੀਡੀਏਸ਼ਨ ਯੂ.ਕੇ. ਨਾਲ ਸੰਪਰਕ ਕਰਨ ਰਾਹੀਂ, ਤੁਸੀਂ ਆਪਣੀ ਸਭ ਤੋਂ ਨੇੜੇ ਦੀ ਸੇਵਾ ਬਾਰੇ ਪਤਾ ਕਰ ਸਕਦੇ ਹੋ, ਜਿਹੜੀ ਕਿ ਆਮ ਤੌਰ ਤੇ ਮੁਫ਼ਤ ਹੁੰਦੀ ਹੈ।

**ਜੇ ਸਾਲਸਪੁਣੇ ਨਾਲ ਸਮੱਸਿਆ ਹੱਲ ਨਾ ਹੋਵੇ ਤਾਂ ਕੀ ਹੁੰਦਾ ਹੈ?**
ਜੇ ਇਹ ਸਮੱਸਿਆ ਰੌਲੇ-ਰੱਪੇ ਨਾਲ ਸੰਬੰਧਿਤ ਹੈ ਤਾਂ ਤੁਸੀਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰ ਸਕਦੇ ਹੋ। ਉਹਨਾਂ ਦਾ ਟੈਲੀਫ਼ੋਨ ਨੰਬਰ ਤੁਸੀਂ ਟੈਲੀਫ਼ੋਨ ਡਾਇਰੈਕਟਰੀ 'ਚੋਂ ਲੱਭ ਸਕਦੇ ਹੋ।

**ਜੇ ਸਮੱਸਿਆ ਬੱਚਿਆਂ ਨਾਲ ਸੰਬੰਧਿਤ ਹੈ ਤਾਂ ਕੀ ਮੈਂ ਕੁਝ ਕਰ ਸਕਦਾ ਹਾਂ?**
ਤੁਸੀਂ ਸਥਾਨਿਕ ਭਾਈਚਾਰਿਕ ਪੁਲੀਸ ਅਫ਼ਸਰ ਨਾਲ ਸੰਪਰਕ ਕਰ ਸਕਦੇ ਹੋ।

ਰੌਲੇ-ਰੱਪੇ ਅਤੇ ਗੁਆਂਢ ਦੇ ਝਗੜਿਆਂ ਬਾਰੇ ਸਹਾਇਤਾ ਕਰਨ ਵਾਲੀਆਂ ਸੰਸਥਾਵਾਂ ਦੇ ਵੇਰਵੇ ਤੁਸੀਂ ਵਧੇਰੇ ਸਹਾਇਤਾ ਸੰਬੰਧੀ ਪਰਚਿਆਂ 'ਚੋਂ ਲੱਭ ਸਕਦੇ ਹੋ।



With special thanks to :-

Tony Snell — BBC Radio Merseyside

Val Roberts — Sefton Council Trading Standards

Alison Mc Calmont-Woods — Sefton Council Trading Standards

Ernie Li — Novas Translation and Interpreting Service

Dene Comish — Printdirect (UK) Ltd



# ਹੋਰ ਸਹਾਇਤਾ

**Community Legal Service Direct**
tel. 0145 345 4345
www.clsdirect.org.uk

**Consumer Direct**
tel. 08454 04 05 06

**Citizens Advice**
(check phone book for local office)

**Age Concern**
tel. 0800 009 966

**Advice Services Alliance**
www.advicenow.org.uk/livingtogether

**Advisory, Conciliation and Arbitration Service for Employment Problems**
tel: 0845 747 4747

**Amnesty International**
tel. 020 7033 1503

**Commission for Racial Equality**
tel. 020 7939 0000
www.cre.gov.uk

**Consumer Credit Counselling Service**
tel. 0800 138 1111

**Disability Rights Commission**
tel. 08457 622 633
www.drc-gb.org

**Equal Opportunities Commission**
tel. 0845 601 5901
www.eoc.org.uk

**Independent Police Complaints Commission**
tel. 08453 002 002

**Immigration Advisory Service**
tel. 020 796 71200

**Immigration Law Practitioners Association**
www.ilpa.org.uk

**Law Society**
tel. 020 7242 1222

**Liberty**
tel. 0845 123 2307

**Mediation UK (Community Mediation)**
tel. 01179 046661
www.mediationuk.org.uk

**National Domestic Violence Helpline/ Womens Aid and Refuge**
tel. 0808 2000 247

**National Minimum Wage Helpline**
tel. 0845 6000 678

**Ombudsman for Estate Agents**
tel. 01722 333 306
www.oea.co.uk

**Refugee Legal Centre**
tel. 020 7780 3200

**Shelter**
tel. 0808 800 4444
www.shelter.org.uk

ਜੇ ਤੁਸੀਂ ਸਲਾਹ-ਮਸ਼ਵਰੇ ਦੇ ਇਸ ਪੈਕ ਦੇ ਸੰਬੰਧ ਵਿੱਚ ਕੋਈ ਟੀਕਾ-ਟਿੱਪਣੀ ਕਰਨੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਸ ਪਤੇ ਤੇ ਚਿੱਠੀ ਲਿਖੋ : Trading Standards Manager, Environmental Protection Department, 1st Floor Magdalene House, Trinity Road, Bootle

Sefton Council
Trading Standards

Community Legal Service

novas GROUP